ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

You Tube https://youtu.be/LQwolgxDu7I

awazeqaumtvpunjab@gmail.com

ਸ਼ਨਿੱਚਰਵਾਰ, 27 ਅਪ੍ਰੈਲ 2024 (ਨਾਨਕਸ਼ਾਹੀ ਸੰਮਤ : ੫੫੬, ੧੫ ਵੇਸਾਖ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243

Exclusive News

## ਪਹਿਲਾਂ ਜਿਤਾ ਕੇ ਫਿਰ ਜ਼ਮਾਨਤ ਵੀ ਜ਼ਬਤ ਕਰਵਾ ਦਿੰਦੇ ਨੇ ਸੰਗਰੂਰੀਏ !



ਸੰਗਰੂਰ, 26 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)– ਸੰਗਰੂਰ ਸੰਸਦੀ ਸੀਟ ਹਮੇਸ਼ਾ ਹੀ ਵੱਡੇ ਉਥਲ-ਪੁਥਲ ਦੀ ਗਵਾਹ ਰਹੀ ਹੈ। ਇੱਥੇ ਕੋਈ ਵੀ ਸਿਆਸੀ ਪਾਰਟੀ ਵੋਟਰਾਂ ਦੇ ਮਨਾਂ ਨੂੰ ਪੜ੍ਹਨ ਵਿੱਚ ਕਾਮਯਾਬ ਨਹੀਂ ਹੋ ਸਕੀ। 1984 ਵਿੱਚ ਸੰਗਰੂਰ ਲੋਕ ਸਭਾ ਸੀਟ ਤੋਂ ਚੰਗੇ ਫਰਕ ਨਾਲ ਜਿੱਤਣ ਵਾਲੇ ਸਾਬਕਾ ਕੇਂਦਰੀ ਮੰਤਰੀ ਬਲਵੰਤ ਸਿੰਘ ਰਾਮੂਵਾਲੀਆ 2009 ਦੀਆਂ ਲੋਕ ਸਭਾ ਚੋਣਾਂ ਵਿੱਚ ਆਪਣੀ ਜ਼ਮਾਨਤ ਨਹੀਂ ਬਚਾ ਸਕੇ। ਉਨ੍ਹਾਂ ਨੇ 2009 ਵਿੱਚ ਲੋਕ ਭਲਾਈ ਪਾਰਟੀ ਦੇ ਉਮੀਦਵਾਰ ਵਜੋਂ ਚੋਣ ਲੜੀ ਸੀ, ਪਰ ਉਹ ਸਿਰਫ਼ 12.35 ਫ਼ੀਸਦੀ ਵੋਟਾਂ ਹੀ ਹਾਸਲ ਕਰ ਸਕੇ ਸਨ। ਉਦੋਂ ਕਾਂਗਰਸ ਦੇ ਵਿਜੇਇੰਦਰ ਸਿੰਗਲਾ ਨੇ ਜਿੱਤ ਹਾਸਲ ਕੀਤੀ ਸੀ। 1999 ਦੀਆਂ ਲੋਕ ਸਭਾ ਚੋਣਾਂ ਵਿੱਚ ਸੰਗਰੂਰ ਤੋਂ ਸਾਬਕਾ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਨੂੰ ਹਰਾ ਕੇ ਸੰਸਦ ਵਿੱਚ ਭੇਜਣ ਵਾਲੇ ਸਿਮਰਨਜੀਤ ਸਿੰਘ ਮਾਨ ਨੂੰ ਵੀ ਅਜਿਹੀ ਸਥਿਤੀ ਦਾ ਸਾਹਮਣਾ ਕਰਨਾ ਪਿਆ ਸੀ। 2009 'ਚ ਉਨ੍ਹਾਂ ਨੂੰ ਸਿਰਫ 3.62 ਫੀਸਦੀ ਵੋਟਾਂ ਮਿਲੀਆਂ ਅਤੇ 2019 'ਚ ਉਨ੍ਹਾਂ ਨੂੰ ਸਿਰਫ 4.37 ਫੀਸਦੀ ਵੋਟਾਂ ਮਿਲੀਆਂ ਅਤੇ ਦੋਵੇਂ ਵਾਰ ਉਨ੍ਹਾਂ ਦੀ ਜ਼ਮਾਨਤ ਜ਼ਬਤ ਹੋ ਗਈ। ਸਿਮਰਨਜੀਤ ਸਿੰਘ ਮਾਨ ਨੇ 2022 ਵਿਚ ਸੰਗਰੂਰ ਸੰਸਦੀ ਸੀਟ ਤੋਂ ਜ਼ਿਮਨੀ ਚੋਣ ਲੜੀ ਸੀ ਅਤੇ 5822 ਵੋਟਾਂ ਦੇ ਫਰਕ ਨਾਲ ਜਿੱਤ ਕੇ 'ਆਪ' ਦੀ ਕੌਮੀ ਲੀਡਰਸ਼ਿਪ ਅਤੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਹੈਰਾਨ ਕਰ ਦਿੱਤਾ ਸੀ। ਮੁੱਖ ਮੰਤਰੀ ਭਗਵੰਤ ਮਾਨ ਇਸ ਸੀਟ ਤੋਂ 2014 ਅਤੇ 2019 ਵਿੱਚ ਵੱਡੇ ਫਰਕ ਨਾਲ ਚੋਣ ਜਿੱਤੇ ਸਨ। 'ਆਪ' ਨੂੰ ਘੱਟੋ-ਘੱਟ ਇਸ ਸੀਟ 'ਤੇ ਜਿੱਤ ਯਕੀਨੀ ਸੀ, ਪਰ ਵੋਟਰਾਂ ਨੇ ਹੈਰਾਨੀਜਨਕ ਫੈਸਲਾ ਲੈ ਕੇ 'ਆਪ' ਦਾ ਇਹ ਭਰਮ ਤੋੜ ਦਿੱਤਾ ਸੀ।

## ਡਿਬਰੂਗੜ੍ਹ ਜੇਲ੍ਹ 'ਚ ਐਨਐਸਏ ਤਹਿਤ ਬੰਦ ਅੰਮ੍ਰਿਤਪਾਲ ਸਿੰਘ ਖਡੂਰ ਸਾਹਿਬ ਤੋਂ ਆਜ਼ਾਦ ਉਮੀਦਵਾਰ ਵਜੋਂ ਲੜਣਗੇ ਚੋਣ

ਚੰਡੀਗੜ੍ਹ, 26 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)–



ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਐਨਐਸਏ ਤਹਿਤ ਬੰਦ ਅੰਮ੍ਰਿਤਪਾਲ ਸਿੰਘ ਖਡੂਰ ਸਾਹਿਬ ਤੋਂ ਆਜ਼ਾਦ ਉਮੀਦਵਾਰ ਵਜੋਂ ਚੋਣ ਲੜਣਗੇ। ਇਸ ਗੱਲ ਦੀ ਪੁਸ਼ਟੀ ਵਾਰਿਸ ਪੰਜਾਬ ਦੇ ਮੁਖੀ ਅੰਮ੍ਰਿਤਪਾਲ ਸਿੰਘ ਦੇ ਮਾਤਾ ਬਲਵਿੰਦਰ ਕੌਰ ਕਰ ਦਿੱਤੀ ਗਈ ਹੈ। ਉਨ੍ਹਾਂ ਦਾ ਇੱਕ ਲਿਖਤੀ ਬਿਆਨ ਸਾਹਮਣੇ ਆਇਆ ਹੈ। ਮਾਤਾ ਬਲਵਿੰਦਰ ਕੌਰ ਨੇ ਕਿਹਾ ਕਿ ਸਰਕਾਰ ਵੱਲੋਂ ਨੌਜਵਾਨਾਂ ਉੱਤੇ ਵੱਡੀ ਪੱਧਰ ਤੇ ਕੀਤੇ ਜਾ ਰਹੇ ਜ਼ੁਲਮਾਂ ਨੂੰ ਠੱਲ੍ਹ ਪਾਉਣ ਲਈ, ਧਰਮ ਪ੍ਰਚਾਰ ਦੀ ਲਹਿਰ ਨੂੰ ਪ੍ਰਚੰਡ ਰੂਪ ਦੇਣ ਵਾਸਤੇ, ਐਨਐਸਏ ਖਤਮ ਕਰਵਾਉਣ ਲਈ, ਬੰਦੀ ਸਿੰਘਾਂ ਦੀ ਰਿਹਾਈ ਲਈ ਅਤੇ ਪੰਜਾਬ ਦੇ ਦਰਦ ਨੂੰ ਅੰਤਰਰਾਸ਼ਟਰੀ ਪੱਧਰ ਤੇ ਲਿਜਾਣ ਲਈ ਭਾਈ ਅੰਮ੍ਰਿਤਪਾਲ ਸਿੰਘ ਖਡੂਰ ਸਾਹਿਬ ਹਲਕੇ ਤੋਂ ਆਜ਼ਾਦ ਉਮੀਦਵਾਰ ਵਜੋਂ ਚੋਣ ਲੜਨਗੇ।



## ਬਾਬਾ ਤਰਸੇਮ ਸਿੰਘ ਕਤਲ ਦੀ ਜਾਂਚ ਬਹਾਨੇ ਉੱਤਰਾਖੰਡ ਪੁਲਿਸ ਕਰ ਰਹੀ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਨੂੰ ਪ੍ਰੇਸ਼ਾਨ, ਐਸਜੀਪੀਸੀ ਨੇ ਜਤਾਇਆ ਖਦਸ਼ਾ

ਦੇਹਰਾਦੂਨ, 26 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)–ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਗੁਰਦੁਆਰਾ ਸ੍ਰੀ ਨਾਨਕ ਮਤਾ ਸਾਹਿਬ ਵਿਖੇ ਬਾਬਾ ਤਰਸੇਮ ਸਿੰਘ ਦੇ ਕਤਲ ਮਾਮਲੇ ਵਿੱਚ ਸਥਾਨਕ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਨੂੰ ਤੰਗ ਪ੍ਰੇਸ਼ਾਨ ਕੀਤੇ ਜਾਣ ਦਾ ਨੋਟਿਸ ਲੈਂਦਿਆਂ ਉਤਰਾਖੰਡ ਦੇ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਨੂੰ ਮਾਮਲੇ ਵਿਚ ਗੁਰਦੁਆਰਾ ਕਮੇਟੀ ਨੂੰ ਪੁਲਿਸ ਪ੍ਰਸ਼ਾਸਨ ਵੱਲੋਂ ਤੰਗ ਪ੍ਰੇਸ਼ਾਨ ਕਰਨ ਤੋਂ ਰੋਕਣ ਅਤੇ ਸਿੱਖ ਭਾਵਨਾਵਾਂ ਨੂੰ ਸਮਝਣ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਬਾਬਾ ਤਰਸੇਮ ਸਿੰਘ ਦਾ ਕਤਲ ਬੇਸ਼ੱਕ ਦੁੱਖਦਾਈ ਹੈ ਪ੍ਰੰਤੂ ਇਸ ਮਾਮਲੇ ਵਿੱਚ ਚੁਣੀ ਹੋਈ ਕਮੇਟੀ ਦੇ ਪ੍ਰਧਾਨ ਅਤੇ ਗੁਰਦੁਆਰਾ ਪ੍ਰਬੰਧਕਾਂ ਨੂੰ ਨਿਸ਼ਾਨੇ ਤੇ ਲੈਣਾ ਠੀਕ ਨਹੀਂ ਹੈ। ਉਨ੍ਹਾ ਉੱਤਰਾਖੰਡ ਦੇ ਮੁੱਖ ਮੰਤਰੀ ਨੂੰ ਇਤਿਹਾਸਿਕ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਨੂੰ ਪ੍ਰੇਸ਼ਾਨ ਕਰਨ ਵਾਲੀਆਂ ਪੁਲਿਸ ਪ੍ਰਸ਼ਾਸਨ ਦੀਆਂ ਹਰਕਤਾਂ ਤੇ ਰੋਕ ਲਗਾਉਣ ਲਈ ਆਖਿਆ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਗੁਰਦੁਆਰਾ ਸ੍ਰੀ ਨਾਨਕਮਤਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਬਹੁ ਗਿਣਤੀ ਮੈਂਬਰਾਂ ਨੇ ਸ਼੍ਰੋਮਣੀ ਕਮੇਟੀ ਨੂੰ ਸਾਂਝੇ ਤੌਰ 'ਤੇ ਪੱਤਰ ਲਿਖ ਕੇ ਇਹ ਖਦਸ਼ਾ ਪ੍ਰਗਟਾਇਆ ਹੈ ਕਿ ਸਰਕਾਰ ਬਾਬਾ ਤਰਸੇਮ ਸਿੰਘ ਕਤਲ ਮਾਮਲੇ ਦੀ ਆੜ ਵਿਚ ਗੁਰਦੁਆਰਾ ਸਾਹਿਬ ਦੇ ਪ੍ਰਬੰਧਾਂ ਨੂੰ ਆਪਣੇ ਹੱਥਾਂ ਵਿੱਚ ਲੈਣ ਲਈ ਕੋਸ਼ਿਸ਼ਾਂ ਕਰ ਰਹੀ ਹੈ। ਜੇਕਰ ਅਜਿਹਾ ਹੈ ਤਾਂ ਸਿੱਖ ਕੌਮ ਇਸ ਨੂੰ ਬਰਦਾਸ਼ਤ ਨਹੀਂ ਕਰੇਗੀ। ਉਨ੍ਹਾ ਕਿਹਾ ਕਿ ਗੁਰਦੁਆਰਾ ਸ੍ਰੀ ਨਾਨਕ ਮਤਾ ਸਾਹਿਬ ਦੀ ਚੁਣੀ ਹੋਈ ਪ੍ਰਬੰਧਕ ਕਮੇਟੀ ਸੰਗਤ ਦੀਆਂ ਭਾਵਨਾਵਾਂ ਦੀ ਤਰਜਮਾਨ ਹੈ, ਜਿਸ ਵਿੱਚ ਸਰਕਾਰੀ ਦਖਲ ਅੰਦਾਜੀ ਤੁਰੰਤ ਰੋਕੀ ਜਾਵੇ। ਬਾਬਾ ਤਰਸੇਮ ਸਿੰਘ ਕਤਲ ਵਿੱਚ ਕਿਸੇ ਵੀ ਬੇਗੁਨਾਹ ਤੇ ਬੇਕਸੂਰ ਨੂੰ ਤੰਗ ਪਰੇਸ਼ਾਨ ਨਾ ਕੀਤਾ ਜਾਵੇ। ਐਡਵੋਕੇਟ ਧਾਮੀ ਨੇ ਕਿਹਾ ਕਿ ਸੰਵਿਧਾਨਿਕ ਤੌਰ 'ਤੇ ਉੱਤਰਾਖੰਡ ਸੂਬੇ ਦੇ ਮੁੱਖੀ ਹੁੰਦਿਆਂ ਮੁੱਖ ਮੰਤਰੀ ਦੀ ਜਿੰਮੇਵਾਰੀ ਬਣਦੀ ਹੈ ਕਿ ਉਹ ਸਿੱਖ ਮਸਲਿਆਂ ਦੀ ਸੰਜੀਦਗੀ ਨੂੰ ਸਮਝਣ ਅਤੇ ਤੁਰੰਤ ਆਦੇਸ਼ ਕਰਨ ਕਿ ਗੁਰਦੁਆਰਾ ਸ੍ਰੀ ਨਾਨਕ ਮਤਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਕਿਸੇ ਵੀ ਆਗੂ ਨੂੰ ਬੇਲੋੜਾ ਪਰੇਸ਼ਾਨ ਨਾ ਕੀਤਾ ਜਾਵੇ।

ਆਵਾਜ਼ਿ ਕੌਮ AWAZE QAUM International Newspaper & WEB TV

## ਪੰਜਾਬ ਦੀ ਸਿਆਸਤ 'ਚ ਅਜੇ ਵੀ 'ਪੁਰਾਣੇ ਇੰਜਣਾ' ਦਾ ਦਬਦਬਾ ! ਪਰਨੀਤ ਕੌਰ ਸਭ ਤੋਂ ਬਜ਼ੁਰਗ ਉਮੀਦਵਾਰ

ਚੰਡੀਗੜ੍ਹ, 26 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)– ਲੋਕ ਸਭਾ ਚੋਣਾਂ 'ਚ ਪੰਜਾਬ ਦੀਆਂ ਜ਼ਿਆਦਾਤਰ ਸੀਟਾਂ 'ਤੇ ਸਿਆਸੀ ਪਾਰਟੀਆਂ ਨੇ ਸੀਨੀਅਰ ਨੇਤਾਵਾਂ ਨੂੰ ਮੈਦਾਨ 'ਚ ਉਤਾਰਿਆ ਹੈ। ਸਾਰੀਆਂ ਪਾਰਟੀਆਂ ਦੇ ਉਮੀਦਵਾਰਾਂ ਦੀ ਸੂਚੀ ਵਿੱਚ ਅਜਿਹੇ ਆਗੂ ਸ਼ਾਮਲ ਹਨ ਜੋ ਲੰਮੇ ਸਮੇਂ ਤੋਂ ਸਿਆਸਤ ਨਾਲ ਜੁੜੇ ਹੋਏ ਹਨ। ਇਸ ਤੋਂ ਇਲਾਵਾ ਅਜਿਹੇ ਉਮੀਦਵਾਰਾਂ ਨੂੰ ਵੀ ਮੌਕਾ ਦਿੱਤਾ ਗਿਆ ਹੈ ਜੋ ਲੋਕ ਸਭਾ ਜਾਂ ਵਿਧਾਨ ਸਭਾ ਚੋਣਾਂ ਲੜ ਚੁੱਕੇ ਹਨ। ਹੁਣ ਤੱਕ ਐਲਾਨੇ ਗਏ ਉਮੀਦਵਾਰਾਂ ਵਿੱਚੋਂ ਆਮ ਆਦਮੀ ਪਾਰਟੀ ਦੇ ਮੀਤ ਹੇਅਰ ਸਭ ਤੋਂ ਨੌਜਵਾਨ ਉਮੀਦਵਾਰ ਹਨ, ਜਿਨ੍ਹਾਂ ਦੀ ਉਮਰ ਸਿਰਫ਼ 35 ਸਾਲ ਹੈ। ਮੀਤ ਹੇਅਰ ਦਾ ਜਨਮ 1989 ਵਿੱਚ ਹੋਇਆ ਸੀ। ਉਹ ਸਾਲ 2017 ਵਿੱਚ ਬਰਨਾਲਾ ਵਿਧਾਨ ਸਭਾ ਹਲਕੇ ਤੋਂ ਵਿਧਾਇਕ ਬਣੇ ਅਤੇ ਇਸ ਤੋਂ ਬਾਅਦ ਉਹ 2022 ਵਿਧਾਨ ਸਭਾ ਹਲਕੇ ਤੋਂ ਮੁੜ ਵਿਧਾਇਕ ਚੁਣੇ ਗਏ। ਉਹ ਮਾਨ ਸਰਕਾਰ ਵਿੱਚ ਕੈਬਨਿਟ ਮੰਤਰੀ ਹਨ। ਇਸੇ ਤਰ੍ਹਾਂ ਪਟਿਆਲਾ ਤੋਂ ਭਾਜਪਾ ਦੀ ਸਭ ਤੋਂ ਵੱਡੀ ਉਮੀਦਵਾਰ ਪਰਨੀਤ ਕੌਰ ਹੈ, ਜਿਨ੍ਹਾਂ ਦੀ ਉਮਰ 79 ਸਾਲ ਹੈ। ਉਹ ਚਾਰ ਵਾਰ ਇਸ ਸੀਟ ਤੋਂ ਕਾਂਗਰਸ ਦੇ ਸੰਸਦ ਮੈਂਬਰ ਰਹਿ ਚੁੱਕੇ ਹਨ। ਉਹ ਕੇਂਦਰੀ ਮੰਤਰੀ ਵੀ ਰਹੇ। ਦੂਜੇ ਸਭ ਤੋਂ ਬਜ਼ੁਰਗ ਉਮੀਦਵਾਰ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਤੋਂ ਸਿਮਰਨਜੀਤ ਸਿੰਘ ਮਾਨ ਹਨ, ਜੋ ਸਭ ਤੋਂ ਛੋਟੀ ਉਮਰ ਦੇ ਮੀਤ ਹੇਅਰ ਵਿਰੁੱਧ ਸੰਗਰੂਰ ਸੀਟ ਤੋਂ ਚੋਣ ਲੜ ਰਹੇ ਹਨ। ਮਾਨ ਸਾਬਕਾ ਆਈਪੀਐਸ ਅਧਿਕਾਰੀ ਅਤੇ ਮੌਜੂਦਾ ਸੰਸਦ ਮੈਂਬਰ ਵੀ ਹਨ। ਉਨ੍ਹਾਂ ਦੀ ਉਮਰ 78 ਸਾਲ ਦੀ ਪ੍ਰਨੀਤ ਕੌਰ ਤੋਂ ਬਾਅਦ ਸਭ ਤੋਂ ਵੱਧ ਹੈ। ਮਾਨ ਜੂਨ 2022 ਦੀ ਉਪ ਚੋਣ ਜਿੱਤ ਕੇ ਸੰਸਦ ਪਹੁੰਚੇ ਸਨ।





ਆਵਾਜ਼ਿ ਕੌਮ AWAZE QAUM International Newspaper & WEB TV

### ਇਹ ਵੀ ਹਨ ਸੂਚੀ 'ਚ ਸ਼ਾਮਲ

ਇਸ ਸੂਚੀ ਵਿੱਚ ਦਲਜੀਤ ਸਿੰਘ ਚੀਮਾ, ਪ੍ਰੇਮ ਸਿੰਘ ਚੰਦੂਮਾਜਰਾ ਤੇ ਇਕਬਾਲ ਸਿੰਘ ਝੂੰਦਾਂ ਸ਼ਾਮਲ ਹਨ। ਇਸ ਤੋਂ ਬਾਅਦ ਜੇ ਗੱਲ ਕਾਂਗਰਸ ਦੀ ਕੀਤੀ ਜਾਵੇ ਤਾਂ ਉਨ੍ਹਾਂ ਦੇ ਧਰਮਵੀਰ ਸਿੰਘ ਗਾਂਧੀ ਬਜ਼ੁਰਗ ਉਮੀਦਵਾਰਾਂ ਵਿੱਚ ਸ਼ਾਮਲ ਹਨ। ਇਸ ਤੋਂ ਬਾਅਦ ਆਮ ਆਦਮੀ ਪਾਰਟੀ ਦੀ ਗੱਲ ਕਰੀਏ ਤਾਂ ਇਨ੍ਹਾਂ ਦੇ ਡਾ. ਬਲਬੀਰ ਸਿੰਘ ਸਭ ਤੋਂ ਬਜ਼ੁਰਗ ਉਮੀਦਵਾਰਾਂ ਚੋਂ ਆਉਂਦੇ ਹਨ, ਇਸ ਤੋਂ ਇਲਾਵਾ ਗੁਰਮੀਤ ਸਿੰਘ ਖੁੱਡੀਆਂ ਸ਼ਾਮਲ ਹਨ।

## ਹੁਣ ਰਵਨੀਤ ਬਿੱਟੂ ਲਈ ਵੱਡੀ ਚੁਣੌਤੀ ! ਕਾਂਗਰਸ ਖੇਡ ਸਕਦੀ ਨਵਾਂ ਦਾਅ, ਭਰਾ ਸਾਹਮਣੇ ਭਰਾ ?

ਲੁਧਿਆਣਾ, 26 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)–ਲੋਕ ਸਭਾ ਹਲਕਾ ਲੁਧਿਆਣਾ ਤੋਂ ਕਾਂਗਰਸ ਵੱਡਾ ਦਾਅ ਖੇਡ ਸਕਦੀ ਹੈ। ਇਸ ਨਾਲ ਕਾਂਗਰਸ ਛੱਡ ਕੇ ਬੀਜੇਪੀ ਵਿੱਚ ਗਏ ਸੰਸਦ ਮੈਂਬਰ ਰਵਨੀਤ ਬਿੱਟੂ ਲਈ ਵੱਡੀ ਚੁਣੌਤੀ ਖੜੀ ਹੋ ਸਕਦੀ ਹੈ। ਕਾਂਗਰਸ ਹਲਕਿਆਂ ਵਿੱਚ ਚਰਚਾ ਹੈ ਕਿ ਰਵਨੀਤ ਬਿੱਟੂ ਦੀ ਕਾਟ ਲਈ ਉਨ੍ਹਾਂ ਦੇ ਹੀ ਚਚੇਰੇ ਭਰਾ ਗੁਰਕੀਰਤ ਸਿੰਘ ਕੋਟਲੀ ਨੂੰ ਲੁਧਿਆਣਾ ਤੋਂ ਉਮੀਦਵਾਰ ਬਣਾਇਆ ਜਾਵੇ। ਦਰਅਸਲ ਲੋਕ ਸਭਾ ਹਲਕਾ ਲੁਧਿਆਣਾ ਤੋਂ ਹੁਣ ਕਾਂਗਰਸੀ ਉਮੀਦਵਾਰ ਲਈ ਨਵੀਂ ਚਰਚਾ ਸ਼ੁਰੂ ਹੋ ਗਈ ਹੈ। ਮੀਡੀਆ ਵਿੱਚ ਚਰਚਾ ਇਹ ਹੈ ਕਿ ਇਸ ਵਾਰ ਕਾਂਗਰਸ ਛੱਡ ਕੇ ਭਾਜਪਾ ਵਿੱਚ ਗਏ ਰਵਨੀਤ ਬਿੱਟੂ ਦੇ ਮੁਕਾਬਲੇ ਕਾਂਗਰਸ ਉਨ੍ਹਾਂ ਦੇ ਹੀ ਚਾਚੇ ਦੇ ਲੜਕੇ ਸਾਬਕਾ ਕੈਬਨਿਟ ਮੰਤਰੀ ਗੁਰਕੀਰਤ ਸਿੰਘ ਕੋਟਲੀ ਦਾ ਨਾਮ ਸਾਹਮਣੇ ਆ ਰਿਹਾ ਹੈ। ਦੂਜੇ ਪਾਸੇ ਜੇਕਰ ਕਾਂਗਰਸ ਵੱਲੋਂ ਕੋਟਲੀ ਨੂੰ ਲੋਕ ਸਭਾ ਟਿਕਟ ਦੇ ਕੇ ਉਮੀਦਵਾਰ ਬਣਾਇਆ ਜਾਂਦਾ ਹੈ ਤਾਂ ਸ਼ਹਿਰ ਦੀ ਰਾਜਨੀਤੀ ਦੇ ਸਮੀਕਰਨ ਬਦਲ ਜਾਣਗੇ। ਦੱਸ ਦਈਏ ਕਿ ਗੁਰਕੀਰਤ ਸਿੰਘ ਕੋਟਲੀ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੇ ਪੋਤੇ ਤੇ ਭਾਜਪਾ ਉਮੀਦਵਾਰ ਰਵਨੀਤ ਸਿੰਘ ਬਿੱਟੂ ਦੇ ਚਚੇਰੇ ਭਰਾ ਵੀ ਹਨ। ਕੋਟਲੀ ਦੀ ਕਾਂਗਸਰ ਹਾਈਕਮਾਂਡ 'ਚ ਚੰਗੀ ਪਕੜ ਹੈ ਤੇ ਉਨ੍ਹਾਂ ਨੂੰ ਰਾਹੁਲ ਗਾਂਧੀ ਦਾ ਵੀ ਕਰੀਬੀ ਮੰਨਿਆ ਜਾਂਦਾ ਹੈ। ਸੂਤਰਾਂ ਅਨੁਸਾਰ ਜੇਕਰ ਬੇਅੰਤ ਸਿੰਘ ਦੇ ਨਾਂ 'ਤੇ ਵੋਟਾਂ ਹਾਸਲ ਕਰਨ ਲਈ ਭਾਜਪਾ ਬਿੱਟੂ ਨੂੰ ਟਿਕਟ ਦੇ ਸਕਦੀ ਹੈ ਤਾਂ ਬੇਅੰਤ ਸਿੰਘ ਦੇ ਨਾਮ 'ਤੇ ਹੀ ਆਪਣਾ ਵੋਟ ਬੈਂਕ ਬਚਾਉਣ ਲਈ ਕਾਂਗਰਸ ਕੋਟਲੀ 'ਤੇ ਦਾਅ ਖੇਡਣ ਦੀ ਤਿਆਰੀ 'ਚ ਹੈ। ਯਾਦ ਰਹੇ ਗੁਰਕੀਰਤ ਸਿੰਘ ਕੋਟਲੀ ਦੇ ਪਿਤਾ ਤੇਜ ਪ੍ਰਕਾਸ਼ ਸਿੰਘ ਕੋਟਲੀ ਪਾਇਲ ਤੋਂ ਵਿਧਾਇਕ ਰਹਿ ਚੁੱਕੇ ਹਨ। 2012 'ਚ ਖੰਨਾ ਤੋਂ ਤੇ ਫਿਰ 2017 'ਚ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਵਿਧਾਇਕ ਕੋਟਲੀ ਦੀ ਜਿੱਤ ਹੋਈ ਸੀ। ਕੋਟਲੀ ਨੇ 1992 'ਚ ਯੂਥ ਕਾਂਗਰਸ ਆਗੂ ਵਜੋਂ ਆਪਣਾ ਰਾਜਸੀ ਸਫ਼ਰ ਸ਼ੁਰੂ ਕੀਤਾ ਸੀ।





## ਇਮੀਗ੍ਰੇਸ਼ਨ ਪਾਲਿਸੀ ਵਿੱਚ ਲਗਾਤਾਰ ਬਦਲਾਅ ਕਾਰਨ ਕੈਨੇਡਾ ਸਰਕਾਰ ਨੂੰ ਮਹਿੰਗੀ ਪਈ ਵਿਜ਼ਟਰ ਵੀਜ਼ਾ 'ਚ ਢਿੱਲ ! ਹਜ਼ਾਰਾਂ ਪ੍ਰਵਾਸੀਆਂ ਨੇ ਮੰਗੀ ਲਈ ਪਨਾਹ

ਓਟਾਵਾ, 26 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)– ਕੈਨੇਡਾ ਸਰਕਾਰ ਬੇਸ਼ੱਕ ਆਪਣੀ ਇਮੀਗ੍ਰੇਸ਼ਨ ਪਾਲਿਸੀ ਵਿੱਚ ਲਗਾਤਾਰ ਬਦਲਾਅ ਕਰ ਰਹੀ ਹੈ ਪਰ ਪਰਵਾਸੀ ਵਿਦੇਸ਼ੀ ਧਰਤੀ ਉਪਰ ਟਿਕੇ ਰਹਿਣ ਲਈ ਨਵੇਂ ਤੋਂ ਨਵਾਂ ਜੁਗਾੜ ਲੱਭ ਰਹੇ ਹਨ। ਪਿਛਲੇ ਸਮੇਂ ਕੈਨੇਡਾ ਸਰਕਾਰ ਨੇ ਵਿਜ਼ਟਰ ਵੀਜ਼ਾ ਦੀਆਂ ਸ਼ਰਤਾਂ ਵਿੱਚ ਢਿੱਲ ਦਿੱਤੀ ਸੀ ਪਰ ਹੁਣ ਇਹ ਕੈਨੇਡਾ ਦੇ ਇਮੀਗ੍ਰੇਸ਼ਨ ਵਿਭਾਗ ਨੂੰ ਮਹਿੰਗਾ ਪੈਂਦਾ ਦਿਖਾਈ ਦੇ ਰਿਹਾ ਹੈ। ਦਰਅਸਲ 'ਟੋਰਾਂਟੋ ਸਟਾਰ' ਵੱਲੋਂ ਸਰਕਾਰੀ ਦਸਤਾਵੇਜ਼ਾਂ ਦੇ ਹਵਾਲੇ ਨਾਲ ਪ੍ਰਕਾਸ਼ਿਤ ਰਿਪੋਰਟ 'ਚ ਕਿਹਾ ਗਿਆ ਹੈ ਕਿ ਸਪੈਸ਼ਲ ਪ੍ਰੋਗਰਾਮ ਦੌਰਾਨ ਵਿਜ਼ਟਰ ਵੀਜ਼ਾ ਹਾਸਲ ਕਰਨ ਵਾਲੇ 1,52,400 ਜਣਿਆਂ ਵਿੱਚੋਂ 19,400 ਨੇ ਕੈਨੇਡਾ ਵਿੱਚ ਪਨਾਹ ਦਾ ਦਾਅਵਾ ਪੇਸ਼ ਕਰ ਦਿੱਤਾ ਹੈ। ਸਾਲ 2019 ਤੱਕ 57 ਲੱਖ ਟੈਂਪਰੇਰੀ ਰੈਜ਼ੀਡੈਂਟ ਵੀਜ਼ੇ ਜਾਰੀ ਕੀਤੇ ਗਏ ਜਿਨ੍ਹਾਂ ਵਿੱਚੋਂ 58,378 ਨੇ ਮੁਲਕ ਵਿੱਚ ਪਨਾਹ ਮੰਗੀ। ਇਮੀਗ੍ਰੇਸ਼ਨ ਮਾਹਰਾਂ ਮੁਤਾਬਕ ਇਹ ਅੰਕੜਾ ਬਹੁਤ ਜ਼ਿਆਦਾ ਬਣਦਾ ਹੈ ਕਿਉਂਕਿ ਇਸ ਅੰਕੜੇ ਵਿੱਚ ਕੌਮਾਂਤਰੀ ਵਿਦਿਆਰਥੀ, ਵਿਦੇਸ਼ੀ ਕਾਮੇ ਤੇ ਅਮਰੀਕਾ ਰਾਹੀਂ ਦਾਖਲ ਹੋਏ ਗੈ.ਰਕਾਨੂੰਨੀ ਪਰਵਾਸੀ ਵੀ ਸ਼ਾਮਲ ਸਨ ਜਿਸ ਦੇ ਮੱਦੇਨਜ਼ਰ ਵਿਜ਼ਟਰ ਵੀਜ਼ਾ 'ਤੇ ਆਏ ਲੋਕਾਂ ਵੱਲੋਂ ਪਨਾਹ ਮੰਗਣ ਦਾ ਅੰਕੜਾ ਜ਼ਿਆਦਾ ਨਹੀਂ ਬਣਦਾ। ਰਿਪੋਰਟ ਮੁਤਾਬਕ ਕੈਨੇਡਾ ਵਿੱਚ 2023 ਦੌਰਾਨ ਇੱਕ ਲੱਖ 38 ਹਜ਼ਾਰ ਰਫ਼ਿਊਜੀ ਕਲੇਮ ਦਾਖਲ ਕੀਤੇ ਗਏ ਜਿਨ੍ਹਾਂ ਵਿੱਚ ਵਿਜ਼ਟਰ ਵੀਜ਼ਾ ਵਾਲੇ ਤਕਰੀਬਨ 14 ਫ਼ੀਸਦੀ ਬਣਦੇ ਹਨ।



## ਪੰਜਾਬ ਦੇ ਸੀਐਮ ਭਗਵੰਤ ਮਾਨ ਪਹਿਲੀ ਵਾਰ ਧੀ ਨਿਆਮਤ ਨੂੰ ਲੈ ਕੇ ਸ੍ਰੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਹੋਏ ਨਤਮਸਤਕ

ਅੰਮ੍ਰਿਤਸਰ, 26 ਅਪ੍ਰੈਲ (ਆਵਾਜ਼ਿ ਕੌਮ ਬਿਊਰੋ) ਮੁੱਖ ਮੰਤਰੀ ਭਗਵੰਤ ਮਾਨ ਅੱਜ ਆਪਣੀ ਪਤਨੀ ਗੁਰਪ੍ਰੀਤ ਕੌਰ ਨਾਲ ਸ੍ਰੀ ਦਰਬਾਰ ਸਾਹਿਬ ਵਿਖੇ ਮੱਥਾ ਟੇਕਣ ਲਈ ਪਹੁੰਚੇ। ਸੀਐਮ ਮਾਨ ਆਪਣੀ ਨਵਜੰਮੀ ਧੀ ਨੂੰ ਮੱਥਾ ਟਿਕਾਉਣ ਆਏ ਸਨ। ਇਸ ਦੌਰਾਨ ਦਰਬਾਰ ਸਾਹਿਬ ਦੇ ਗਲਿਆਰੇ ਵਿੱਚ ਸਖ਼ਤ ਸੁਰੱਖਿਆ ਤਾਇਨਾਤ ਕੀਤੀ ਗਈ ਸੀ। ਹਾਸਲ ਜਾਣਕਾਰੀ ਮੁਤਾਬਕ ਸੀਐਮ ਭਗਵੰਤ ਮਾਨ ਸਵੇਰੇ ਕਰੀਬ 10.50 ਵਜੇ ਸ੍ਰੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਏ। ਸੀਐਮ ਭਗਵੰਤ ਸਿੰਘ ਨੇ ਆਪਣੀ ਪਤਨੀ ਗੁਰਪ੍ਰੀਤ ਕੌਰ ਨਾਲ ਪਹਿਲਾਂ ਕੜਾਹ ਪ੍ਰਸ਼ਾਦ ਕਰਵਾਇਆ ਤੇ ਫਿਰ ਸ੍ਰੀ ਦਰਬਾਰ ਸਾਹਿਬ ਵਿਖੇ ਮੱਥਾ ਟੇਕਿਆ। ਸੀਐਮ ਮਾਨ ਆਪਣੀ ਬੇਟੀ ਨੂੰ ਪਹਿਲੀ ਵਾਰ ਸ਼੍ਰੀ ਹਰਿਮੰਦਰ ਸਾਹਿਬ ਮੱਥਾ ਟਿਕਾਉਣ ਆਏ ਸੀ। ਹਰਿਮੰਦਰ ਸਾਹਿਬ ਮੱਥਾ ਟੇਕਣ ਤੋਂ ਬਾਅਦ ਸੀਐਮ ਮਾਨ ਮਾਨ ਨੇ ਕਿਹਾ ਕਿ ਪਿਛਲੇ ਮਹੀਨੇ ਰੱਬ ਨੇ ਮੇਰੇ ਕੋਲ ਬੱਚੀ ਭੇਜੀ ਹੈ। ਅੱਜ ਪਹਿਲੀ ਵਾਰ ਮੈਂ ਬੱਚੀ ਨੂੰ ਘਰੋਂ ਬਾਹਰ ਲੈ ਕੇ ਆਇਆ ਹਾਂ। ਇਸ ਲਈ ਸਭ ਤੋਂ ਪਹਿਲਾਂ ਬੱਚੀ ਨੂੰ ਰੱਬ ਦੇ ਘਰ ਲੈ ਕੇ ਆਇਆ ਹਾਂ। ਮੈਂ ਆਪਣੇ ਤੇ ਪੰਜਾਬ ਲਈ ਅਰਦਾਸ ਕੀਤੀ ਹੈ। ਉਨ੍ਹਾਂ ਨੇ ਕਿਹਾ ਕਿ ਪ੍ਰਮਾਤਮਾ ਅੱਗੇ ਅਰਦਾਸ ਕਰਦਾ ਹਾਂ ਕਿ ਮੈਨੂੰ ਜੋ ਪ੍ਰਮਾਤਮਾ ਨੇ ਸੇਵਾ ਦਿੱਤੀ ਹੈ, ਮੈਂ ਉਸ ਨੂੰ ਚੰਗੀ ਤਰ੍ਹਾਂ ਪੂਰੀ ਕਰ ਸਕਾਂ। ਲੋਕਾਂ ਨੇ ਮੇਰਾ ਬਹੁਤ ਸਾਥ ਦਿੱਤਾ ਹੈ। ਕੁਝ ਰੰਗ ਰੰਗਲੇ ਪੰਜਾਬ ਦੇ ਦਿਖਾਈ ਦੇ ਰਹੇ ਹਨ, ਬਾਕੀ ਵੀ ਆਉਣ ਵਾਲੇ ਦਿਨਾਂ 'ਚ ਨਜ਼ਰ ਆਉਣਗੇ। ਮੈਂ ਚਾਹੁੰਦਾ ਹਾਂ ਕਿ ਪੰਜਾਬ ਦੇ ਨੌਜਵਾਨ ਪੰਜਾਬ ਵਿੱਚ ਹੀ ਕੰਮ ਕਰਨ। ਮੇਰੀ ਵਾਹਿਗੁਰੂ ਅੱਗੇ ਇਹੀ ਅਰਦਾਸ ਹੈ। ਸੀਐਮ ਭਗਵੰਤ ਮਾਨ ਤੀਜੀ ਵਾਰ ਪਿਤਾ ਬਣੇ ਹਨ।






ਆਵਾਜ਼ਿ ਕੌਮ AWAZE QAUM International Newspaper & WEB TV



ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ
ਦੇ ਜਨਮ ਦਿਨ ਤੇ
ਆਵਾਜ਼ਿ ਕੌਮ AWAZE QAUM
International Newspaper & WEB TV
2 ਜੂਨ ਨੂੰ ਰੋਡੇ ਪੁੱਜੋ
ਗੁਰਦੁਆਰਾ ਸੰਤ ਖਾਲਸਾ
ਬੇਨਤੀ ਕਰਤਾ
ਸੰਤ ਬਾਬਾ ਚਰਨਜੀਤ ਸਿੰਘ ਜੀ ਜੱਸੋਵਾਲ
ਦਮਦਮੀ ਟਕਸਾਲ ਭਿੰਡਰਾਂ ਵਾਲੇ
ਮੈਂਬਰ ਸ਼੍ਰੋਮਣੀ ਕਮੇਟੀ ਸ੍ਰੀ ਅੰਮ੍ਰਿਤਸਰ ਅਤੇ
ਮੁੱਖ ਬੁਲਾਰੇ ਇੰਟਰਨੈਸ਼ਨਲ ਪੰਥਕ ਦਲ

## ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear death of conscience is a sure death

Sant Jarnail Singh Ji Khalsa Bhindranwale

www.damdamitaksal.net





ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

WAHEGURU JI KA KHALSA WAHEGURU JI KI FATEH

ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ

Khande Bate di Pahul Shak Ke Guru Wale Bano

ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ

Join Gurbani Santhia and Gurmat Sikhia

ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ

Learn Kirtan Katha Kavishri and Dhadi Waran

ਗੁਰਮੁਖੀ ਪੰਜਾਬੀ ਸਿੱਖੋ

Learn Gurmukhi Punjabi

ਗਤਕਾ ਸਿੱਖੋ Learn Gatka

www.damdamitaksal.net



ਆਵਾਜ਼ਿ ਕੌਮ

Daily Newspaper from U.K.

Publisher/Chief Editor

**Raghbir Singh Walsal**

E-mail : awazeqaumtv@gmail.com

www.awazeqaumtv.com

for AWAZE QAUM Channel

https://youtu.be/LQwolgxDu7I

Contact :

+447458381111

+447976210161

+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਬੀਰ ਸਿੰਘ ਵਾਲਸਾਲ

ਯੂ.ਕੇ. ਮੁੱਖ ਸੰਪਾਦਕ

Raghbir Singh Walsall uk


**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ


24 SERVICE EVERYDAY HOURS

Enjoy Real Taste of PUNJAB

PURE AND NATURAL 100% VEGETARIAN

KD

FULLY A.C. HALL

Khehra VAISHNO DHABA

BREAKFAST LUNCH DINNER

OUR SPECIALIZATION : Au Important Ingredients used to Prepare Dishes are Grown in our own farmes.

Soup
Burger
Sandwich
Pizza
Grilled Breads
Continental Fast Food
Tandoori Snacks
Tandoori Breads
Biryani Khas
Beverages
Shakes
Desserts
Punjabi Snacks
South Indian
Kathi Roll
Pasta
Chines Food
Raita Salad

V.P.O. Mallian

Jalandhar-Amritsar G.T. Road

NEAR JANDIALA GURU

Contact

98610-00057, 99152-32757



We Accept Online & Card Payment


## ਪੰਜਾਬੀ

### ਸਿੱਖੋ ਬੋਲੋ ਪੜ੍ਹੋ ਲਿਖੋ

ਮਾਂ ਬੋਲੀ ਪੰਜਾਬੀ ਨੂੰ ਪਿਆਰ ਕਰੋ

| | | | | | |
|---|---|---|---|---|---|
| ੳ | ਅ | ੲ | ਸ | ਹ | |
| ਕ | ਖ | ਗ | ਘ | ਙ | |
| ਚ | ਛ | ਜ | ਝ | ਞ | |
| ਟ | ਠ | ਡ | ਢ | ਣ | |
| ਤ | ਥ | ਦ | ਧ | ਨ | |
| ਪ | ਫ | ਬ | ਭ | ਮ | |
| ਯ | ਰ | ਲ | ਵ | ੜ | |
| ਸ਼ | ਖ਼ | ਗ਼ | ਜ਼ | ਫ਼ | ਲ਼ |

Love Maa Boli Punjabi

www.damdamitaksal.net

ਮੁਕਤਾ · ਾ ਕੰਨਾ · ਿ ਸਿਹਾਰੀ · ੀ ਬਿਹਾਰੀ

ੁ ਔਂਕੜ · ੂ ਦੁਲੈਂਕੜ · ੇ ਲਾਂ · ੈ ਦੁਲਾਵਾਂ

ੋ ਹੋੜਾ · ੌ ਕਨੌੜਾ · ੰ ਟਿੱਪੀ · ਂ ਕੰਨਾ-ਬਿੰਦੀ

www.damdamitaksal.net

੧ ੨ ੩ ੪ ੫ ੬ ੭ ੮ ੯ ੧੦

www.damdamitaksal.net

Learn Speak Read Write PUNJABI



ਦੇਗ ਤੇਗ ਫ਼ਤਿਹ – ਪੰਥ ਕੀ ਜੀਤ
ਹਮ ਰਾਖਤ ਪਾਤਿਸ਼ਾਹੀ ਦਾਵਾ ॥ ਜਾਂ ਇਤ ਕੋ ਜਾਂ ਅਗਲੋ ਪਾਵਾ ॥
ਸਲਾਨਾ ਜੋੜ ਮੇਲਾ
ਧੰਨ-ਧੰਨ ਮਾਤਾ ਸਾਹਿਬ ਕੌਰ ਜੀ
ਗੁਰਮਤਿ ਸਮਾਗਮ
3 ਨਵੰਬਰ 2024 ਦਿਨ ਐਤਵਾਰ ਨੂੰ
ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ
ਗੁਰਦੁਆਰਾ ਸ਼ਹੀਦਾਂ, ਜੱਸੋਵਾਲ
(ਬੱਬਰਾਂ ਦਾ ਹਾਈਕੋਰਟ)
ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ
ਦਮਦਮੀ ਟਕਸਾਲ ਭਿੰਡਰਾਂ ਵਾਲੇ, ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ,
ਪ੍ਰਧਾਨ ਭਾਈ ਲਾਲੋ ਜੀ ਸੰਤ ਸਮਾਜ, ਮੁੱਖ ਬੁਲਾਰਾ ਇੰਟਰਨੈਸ਼ਨਲ ਪੰਥਕ ਦਲ
ਸੰਪਰਕ ਨੰਬਰ
98141-27470




ਸਾਬਤ ਸੂਰਤਿ ਦਸਤਾਰ ਸਿਰਾ
ਦਸਤਾਰਾਂ ਹੀ ਦਸਤਾਰਾਂ
ਰੰਧਾਵਾ ਪਗੜੀ ਸੈਂਟਰ
ਦਸਤਾਰਾਂ ਦੇ ਥਾਨ ਥੋਕ ਦੇ ਭਾਅ ਖ਼ਰੀਦਣ ਲਈ ਸੰਪਰਕ ਕਰੋ।
ਦੁਨੀਆਂ ਦੇ ਕਿਸੇ ਵੀ ਕੋਨੇ 'ਚ ਦਸਤਾਰਾਂ ਮੰਗਵਾਉਣ ਲਈ ਸੰਪਰਕ ਕੀਤਾ ਜਾ ਸਕਦਾ ਹੈ।
ਇੱਥੇ ਹਰ ਤਰ੍ਹਾਂ ਦੀਆਂ ਪੱਗਾਂ ਅਤੇ ਸੁੰਦਰ ਰੁਮਾਲਾ ਸਾਹਿਬ ਮਿਲਦੇ ਹਨ।
ਰੈਣਕ ਬਾਜਾਰ, ਜਲੰਧਰ (ਪੰਜਾਬ)
ਸੰਪਰਕ ਨੰ. :
+91 98882-22446




ASA Gas Heating Solution Ltd.
Boilers
Certificates
Gas Work
Cylinders
Maintenance Services
Gas Safety Inspections
Plumbing Work
Vaillant APPROVED INSTALLER
WORCESTER Bosch Group
ਏ.ਐਸ.ਏ. ਗੈਸ ਹੀਟਿੰਗ ਸਲੂਸ਼ਨ ਲਿਮਟਿਡ ਕੰਪਨੀ ਦੇ ਮਾਲਕ ਜਾਣੇ ਪਹਿਚਾਣੇ ਗੋਲਡ ਮੈਡਲਿਸਟ ਢਾਡੀ ਜੱਥਾ ASA ਦੇ ਨੌਜਵਾਨਾਂ ਨੇ ਸ਼ੁਰੂ ਕੀਤੀ ਹੈ। ਜਿਹੜੇ ਗੈਸ ਅਤੇ ਬਿਜਲੀ ਦਾ ਕੰਮ ਬਹੁਤ ਹੀ ਤਸੱਲੀਬਖ਼ਸ਼ ਅਤੇ ਸਸਤੇ ਰੇਟਾਂ ਤੇ ਕਰਦੇ ਹਨ। ਨੌਜਵਾਨ ਬੱਚਿਆਂ ਨੇ ਨਵਾਂ ਨਵਾਂ ਆਪਣਾ ਕੰਮ ਸ਼ੁਰੂ ਕੀਤਾ ਹੈ। ਸੋ ਇਹਨਾਂ ਬੱਚਿਆਂ ਦਾ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਅਪੀਲ ਕੀਤੀ ਜਾਂਦੀ ਹੈ
Mr. Simran Singh : 0749 534 2620
asagasheatingsolutions@gmail.com
Call us now for a Free no-olbigation quote

# THE GURBANI SCHOOL

THE GURBANI SCHOOL

## ਗੁਰਬਾਣੀ ਦਾ ਸ਼ੁੱਧ ਉਚਾਰਣ ਸਿੱਖਣ ਲਈ ਗੁਰਬਾਣੀ ਸਕੂਲ ਡਾਊਨਲੋਡ ਕਰੋ।

## LEARN THE CORRECT PRONUNCIATION OF GURBANI IN THE CONVENIENCE OF YOUR OWN HOME

GET IT ON Google Play

Download on the App Store




ਆਵਾਜ਼ਿ ਕੌਮ AWAZE QAUM International Newspaper & WEB TV

### INTERACTIVE LEARNING

ਕਲਿੱਕ ਕਰੋ ਅਤੇ ਸਹੀ ਉਚਾਰਣ ਸੁਣੋ

CLICK & LISTEN TO THE CORRECT PRONUNCIATION

8

### EIGHT PRAYERS AVAILABLE

ਅੱਠ ਬਾਣੀਆਂ ਸਿੱਖਣ ਲਈ ਉਪਲਬਧ ਹਨ

EIGHT DAILY PRAYERS AVAILABLE TO LEARN

### AUTO SCROLL GURBANI PLAYER

ਨਾਲ ਨਾਲ ਪੜ੍ਹੋ ਅਤੇ ਉਚਾਰਣ ਸੁਧਾਰੋ

READ ALONG & IMPROVE THE PRONUNCIATION

### MULTILINGUAL

ਨਿੱਤਨੇਮ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਵਿੱਚ ਉਪਲਬਧ ਹੈ।

NITNEM IS AVAILABLE IN PUNJABI, HINDI & ENGLISH

# ਸ੍ਰੀ ਗੁਰੂ ਗ੍ਰੰਥ ਸਹਿਬ ਜੀ ਸੇਵਾ ਕੇਂਦਰ

## ਗੁਰਮਤਿ ਵਿਦਿਆਲਾ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਮੁੱਖੀ ਦਮਦਮੀ ਟਕਸਾਲ ਯਾਦਗਾਰੀ ਅਸਥਾਨ ਬਾਬਾ ਠਾਕੁਰ ਸਿੰਘ ਜੀ ਖਾਲਸਾ ਭਿੰਡਰਾਂਵਾਲੇ

### ਨਵਾਂ ਗੁਰਮਤਿ ਵਿਦਿਆਲਾ ਅਤੇ ਖੇਡ ਸਹੂਲਤਾਂ ਦੇ ਪ੍ਰੋਜੈਕਟ

ਦਮਦਮੀ ਟਕਸਾਲ ਜਥਾ ਭਿੰਡਰਾਂ ਯੂ ਕੇ

24 ਦਸੰਬਰ 2021 ਨੂੰ ਦਮਦਮੀ ਟਕਸਾਲ ਜਥਾ (ਯੂ.ਕੇ. & ਯੂਰਪ) ਦੀ ਨੁਮਾਇੰਦਗੀ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਸਾਧਸੰਗਤ ਦੀ ਹਜ਼ੂਰੀ ਵਿੱਚ ਪੰਜ ਸਿੰਘਾਂ ਦੀ ਨਿਯੁਕਤੀ ਕੀਤੀ ਗਈ ਸੀ।

ਪਿਛਲੇ 2 ਸਾਲਾਂ ਤੋਂ ਸੇਵਾਦਾਰ ਇੱਕ ਜਗ੍ਹਾ ਦੀ ਖੋਜ ਕਰ ਰਹੇ ਸਨ ਜਿੱਥੇ ਗੁਰਮਤਿ ਵਿਦਿਆਲਾ ਬਣੇ ਅਤੇ ਸਪੋਰਟਸ ਦੀਆਂ ਸਹੂਲਤਾਂ ਹੋਣ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਿਰਪਾ ਨਾਲ ਅਸਥਾਨ ਬਣਾਉਣ ਲਈ ਜਗ੍ਹਾ ਦੀ ਭਾਲ ਕਰ ਰਹੇ ਸੀ ਜੋ ਹੁਣ ਸਾਨੂੰ ਲੱਭ ਗਈ ਹੈ ਅਤੇ ਹੁਣ ਖਰੀਦਣ ਲਈ ਯਤਨ ਜਾਰੀ ਹਨ।

ਵੈਸਟ ਮਿਡਲੈਂਡਜ਼ ਵਿੱਚ, M5 ਮੋਟਰਵੇਅ 'ਤੇ ਜੰਕਸ਼ਨ 2 ਤੋਂ ਇੱਕ ਮੀਲ ਦੀ ਦੂਰੀ ਤੇ ਇਹ ਜਗ੍ਹਾ ਹੈ ਜਿਸ ਵਿੱਚ ਕਾਰ ਪਾਰਕ, ਫੁੱਟਬਾਲ ਪਿੱਚ ਅਤੇ ਇਮਾਰਤ ਸਮੇਤ 4.6 ਏਕੜ ਜਗ੍ਹਾ ਹੈ (ਜੋ ਪਹਿਲਾਂ ਸਮਾਜਿਕ ਅਤੇ ਖੇਡ ਕਲੱਬ ਵਜੋਂ ਵਰਤਿਆ ਜਾਂਦਾ ਸੀ)।

ਜਗ੍ਹਾ ਨੂੰ ਖਰੀਦਣ ਦੇ ਤਿੰਨ ਮੁੱਖ ਕਾਰਣ ਹਨ:

1. ਗੁਰਬਾਣੀ ਦੀ ਸੰਥਿਆ, ਕਥਾ, ਕੀਰਤਨ ਅਤੇ ਗਤਕਾ ਸਿਖਾਉਣ ਲਈ ਗੁਰਮਤਿ ਵਿਦਿਆਲਾ ਜਿੱਥੇ ਸਿਖਾਏ ਉਸਤਾਦ ਭਵਿੱਖ ਦੇ ਪਾਠੀ, ਗਿਆਨੀ, ਰਾਗੀ, ਗਤਕਾ ਖਿਡਾਰੀ ਤਿਆਰ ਕਰ ਸਕਣ ਅਤੇ ਸਾਡੇ ਬੱਚੇ ਪਵਿੱਤਰ ਗੁਰਮਤਿ ਵਿੱਦਿਆ ਧਾਰਨ ਕਰ ਸਕਣ। ਇਸ ਤੋਂ ਇਲਾਵਾ ਇੱਕ ਵਿਦਿਅਕ ਸੈਂਟਰ ਜਿੱਥੇ ਬੱਚਿਆਂ ਨੂੰ ਗੁਰਮੁਖੀ ਅਤੇ ਪੰਜਾਬੀ ਦੇ ਨਾਲ ਦੁਨਿਆਵੀ/ਸਕੂਲੀ ਵਿੱਦਿਆ ਵਿੱਚ ਮਦਦ ਲਈ ਖਾਸ ਪ੍ਰਬੰਧ ਹੋਵੇਗਾ।
2. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਸੇਵਾ, ਪੋਥੀ ਸਾਹਿਬ ਅਤੇ ਗੁਟਕਾ ਸਾਹਿਬ ਦੀਆਂ ਸੇਵਾਵਾਂ ਗੁਰਬਾਣੀ ਦੇ ਸਤਿਕਾਰ ਨੂੰ ਕਾਇਮ ਰੱਖਣ ਲਈ ਕਰ ਸਕੀਏ।
3. ਸਮਾਜ ਭਾਈਚਾਰੇ ਲਈ ਆਧੁਨਿਕ ਖੇਡਾਂ ਦੀ ਸਹੂਲਤ ਲਈ ਸਪੋਰਟਸ ਅਕੈਡਮੀ ਜਿਸ ਵਿੱਚ, ਫੁੱਟਬਾਲ ਪਿੱਚ, ਜਿੰਮ, ਮਾਰਸ਼ਲ ਆਰਟਸ ਤੋਂ ਇਲਾਵਾ ਹੋਰ ਖੇਡਾਂ ਲਈ ਆਧੁਨਿਕ ਸਾਧਨ ਹੋਣਗੇ।

ਇਹ ਸੇਵਾਵਾਂ ਆਪ ਸਭ ਸੰਗਤ ਦੇ ਨਿਰੰਤਰ ਸਹਿਯੋਗ ਨਾਲ ਹੀ ਸਫਲ ਹੋ ਸਕਦੀਆਂ ਹਨ ਸਾਧ ਸੰਗਤ ਜੀ। ਅਸੀਂ ਤੁਹਾਡੇ ਚਰਨਾਂ ਵਿੱਚ ਬੇਨਤੀ ਕਰਦੇ ਹਾਂ ਕਿ ਕਿਰਪਾ ਕਰਕੇ ਇਹ ਸੇਵਾਵਾਂ ਵਿੱਚ ਆਪਣੀਆਂ ਕਿਰਤ ਕਮਾਈਆਂ ਵਿੱਚੋਂ ਵੱਧ ਤੋਂ ਵੱਧ ਹਿੱਸਾ ਪਾ ਕੇ ਆਪਣੇ ਬੱਚਿਆਂ ਦੇ ਚੰਗੇ ਭਵਿੱਖ ਲਈ ਪੂਰਾ ਸਹਿਯੋਗ ਦੇਵੋ ਤਾਂ ਜੋ ਇਹ ਜਗ੍ਹਾ ਖਰੀਦ ਸਕੀਏ। ਇਹ ਜਗ੍ਹਾ £650,000 ਦੀ ਹੈ ਆਪਜੀ ਦੇ ਸਹਿਯੋਗ ਨਾਲ ਇਹ ਸਭ ਕੁਝ ਹੋ ਸਕਦਾ ਹੈ ਇੱਕ ਵਾਰ ਸੇਵਾ ਦੇਣੀ ਜਾਂ ਪ੍ਰਤੀ ਮਹੀਨਾਵਾਰ ਸਟੈਂਡਿੰਗ ਆਰਡਰ ਸਥਾਪਤ ਕਰਨਾ ਜਿਵੇਂ ਆਪਜੀ ਨੂੰ ਚੰਗਾ ਲੱਗੇ ਆਪ ਸਮੂਹ ਸਾਧ ਸੰਗਤ ਆਪਣਾ ਪੂਰਾ ਸਹਿਯੋਗ ਦੇ ਕੇ ਇਸ ਕਾਰਜ ਨੂੰ ਸਫਲ ਕਰੋ ਜੀ।

ਆਪਣਾ ਯੋਗਦਾਨ ਹੇਠ ਲਿਖੇ ਬੈਂਕ ਅਕਾਊਂਟ ਵਿੱਚ ਭੇਜ ਸਕਦੇ ਹੋ ਜੀ:

| NATWEST BANK | |
|---|---|
| ACCOUNT NAME | DAMDAMI TAKSAL UK |
| ACOUNT NUMBER | 66477778 |
| SORT CODE | 60-15-26 |

ਨੋਟ: ਕਿਰਪਾ ਕਰਕੇ ਆਪਣਾ ਪੂਰਾ ਨਾਮ ਬੈਂਕ ਟਰਾਂਸਫਰ ਦੀ ਰੈਫਰੈਂਸ ਵੇਲੇ ਜ਼ਰੂਰ ਲਿਖੋ ਜੀ। ਧੰਨਵਾਦ।



ਮੌਜੂਦਾ ਬਿਲਡਿੰਗ ਜੋ ਕਿ ਇੱਕ ਫੁੱਟਬਾਲ ਕਲੱਬ ਦੇ ਤੌਰ ਤੇ ਵਰਤੀ ਜਾ ਰਹੀ ਸੀ ਉਸਦਾ ਨਕਸ਼ਾ



ਜ਼ਮੀਨ ਦੀ ਹੱਦਬੰਦੀ (Scale 1: 1250)



ਸਮੁੱਚੀ ਜ਼ਮੀਨ ਦੀ ਹੱਦ ਅਤੇ ਨਿਸ਼ਾਨਦੇਹੀ

Stay Connected:
email: info@damdamitaksal.co.uk
DamdamiTaksalUKJathaBhindran

## ਜਾਰੀ ਕਰਤਾ ਦਮਦਮੀ ਟਕਸਾਲ ਯੂ.ਕੇ. ਅਤੇ ਯੂਰਪ

- ਗਿਆਨੀ ਸੋਹਣ ਸਿੰਘ ਜੀ
- ਗਿਆਨੀ ਗੁਰਜਿੰਦਰ ਸਿੰਘ ਜੀ
- ਗਿਆਨੀ ਸੁਖਰਾਜ ਸਿੰਘ ਜੀ
- ਗਿਆਨੀ ਗੁਰਜੰਟ ਸਿੰਘ ਜੀ
- ਗਿਆਨੀ ਸੁਖਬੀਰ ਸਿੰਘ ਜੀ

--: ਸੰਪਰਕ ਨੰਬਰ :--
07877017219,
07400830403
07856786642

# ਸੰਮਤ ੫੫੬ ਨਾਨਕਸ਼ਾਹੀ ਕੈਲੰਡਰ



ਸ੍ਰੀ ਅਕਾਲ ਤਖ਼ਤ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ | ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ | ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ | ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ (ਬਠਿੰਡਾ) | ਤਖ਼ਤ ਸ੍ਰੀ ਹਜ਼ੂਰ ਸਾਹਿਬ ਅਬਿਚਲ ਨਗਰ (ਨੰਦੇੜ)



ਸਰਪ੍ਰਸਤ ਸਿੰਘ ਸਾਹਿਬ ਭਾਈ ਜਸਬੀਰ ਸਿੰਘ ਜੀ ਰੋਡੇ ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ

(ਸੰਨ 2024-25)

### ਚੇਤ (ਮਾਰਚ-24 – ਅਪ੍ਰੈਲ-24)

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨਿੱਚਰ |
|---|---|---|---|---|---|---|
| | | | | ੧ | ੨ | ੩ |
| ੪ | ੫ | ੬ | ੭ | ੮ | ੯ | ੧੦ |
| ੧੧ | ੧੨ | ੧੩ | ੧੪ | ੧੫ | ੧੬ | ੧੭ |
| ੧੮ | ੧੯ | ੨੦ | ੨੧ | ੨੨ | ੨੩ | ੨੪ |
| ੨੫ | ੨੬ | ੨੭ | ੨੮ | ੨੯ | ੩੦ | |

### ਵੈਸਾਖ (ਅਪ੍ਰੈਲ-24 – ਮਈ-24)

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨਿੱਚਰ |
|---|---|---|---|---|---|---|
| ੩੦ | ੩੧ | | | | | ੧ |
| ੨ | ੩ | ੪ | ੫ | ੬ | ੭ | ੮ |
| ੯ | ੧੦ | ੧੧ | ੧੨ | ੧੩ | ੧੪ | ੧੫ |
| ੧੬ | ੧੭ | ੧੮ | ੧੯ | ੨੦ | ੨੧ | ੨੨ |
| ੨੩ | ੨੪ | ੨੫ | ੨੬ | ੨੭ | ੨੮ | ੨੯ |

### ਜੇਠ (ਮਈ-24 – ਜੂਨ-24)

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨਿੱਚਰ |
|---|---|---|---|---|---|---|
| | | ੧ | ੨ | ੩ | ੪ | ੫ |
| ੬ | ੭ | ੮ | ੯ | ੧੦ | ੧੧ | ੧੨ |
| ੧੩ | ੧੪ | ੧੫ | ੧੬ | ੧੭ | ੧੮ | ੧੯ |
| ੨੦ | ੨੧ | ੨੨ | ੨੩ | ੨੪ | ੨੫ | ੨੬ |
| ੨੭ | ੨੮ | ੨੯ | ੩੦ | ੩੧ | | |

### ਹਾੜ (ਜੂਨ-24 – ਜੁਲਾਈ-24)

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨਿੱਚਰ |
|---|---|---|---|---|---|---|
| ੩੧ | 32 | | | | ੧ | ੨ |
| ੩ | ੪ | ੫ | ੬ | ੭ | ੮ | ੯ |
| ੧੦ | ੧੧ | ੧੨ | ੧੩ | ੧੪ | ੧੫ | ੧੬ |
| ੧੭ | ੧੮ | ੧੯ | ੨੦ | ੨੧ | ੨੨ | ੨੩ |
| ੨੪ | ੨੫ | ੨੬ | ੨੭ | ੨੮ | ੨੯ | ੩੦ |

### ਸਾਵਣ (ਜੁਲਾਈ-24 – ਅਗਸਤ-24)

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨਿੱਚਰ |
|---|---|---|---|---|---|---|
| | | ੧ | ੨ | ੩ | ੪ | ੫ |
| ੬ | ੭ | ੮ | ੯ | ੧੦ | ੧੧ | ੧੨ |
| ੧੩ | ੧੪ | ੧੫ | ੧੬ | ੧੭ | ੧੮ | ੧੯ |
| ੨੦ | ੨੧ | ੨੨ | ੨੩ | ੨੪ | ੨੫ | ੨੬ |
| ੨੭ | ੨੮ | ੨੯ | ੩੦ | ੩੧ | | |

### ਭਾਦੋਂ (ਅਗਸਤ-24 – ਸਤੰਬਰ-24)

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨਿੱਚਰ |
|---|---|---|---|---|---|---|
| ੩੧ | | | | | ੧ | ੨ |
| ੩ | ੪ | ੫ | ੬ | ੭ | ੮ | ੯ |
| ੧੦ | ੧੧ | ੧੨ | ੧੩ | ੧੪ | ੧੫ | ੧੬ |
| ੧੭ | ੧੮ | ੧੯ | ੨੦ | ੨੧ | ੨੨ | ੨੩ |
| ੨੪ | ੨੫ | ੨੬ | ੨੭ | ੨੮ | ੨੯ | ੩੦ |

### ਅੱਸੂ (ਸਤੰਬਰ-24 – ਅਕਤੂਬਰ-24)

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨਿੱਚਰ |
|---|---|---|---|---|---|---|
| | ੧ | ੨ | ੩ | ੪ | ੫ | ੬ |
| ੭ | ੮ | ੯ | ੧੦ | ੧੧ | ੧੨ | ੧੩ |
| ੧੪ | ੧੫ | ੧੬ | ੧੭ | ੧੮ | ੧੯ | ੨੦ |
| ੨੧ | ੨੨ | ੨੩ | ੨੪ | ੨੫ | ੨੬ | ੨੭ |
| ੨੮ | ੨੯ | ੩੦ | ੩੧ | | | |

### ਕੱਤਕ (ਅਕਤੂਬਰ-24 – ਨਵੰਬਰ-24)

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨਿੱਚਰ |
|---|---|---|---|---|---|---|
| | | | | ੧ | ੨ | ੩ |
| ੪ | ੫ | ੬ | ੭ | ੮ | ੯ | ੧੦ |
| ੧੧ | ੧੨ | ੧੩ | ੧੪ | ੧੫ | ੧੬ | ੧੭ |
| ੧੮ | ੧੯ | ੨੦ | ੨੧ | ੨੨ | ੨੩ | ੨੪ |
| ੨੫ | ੨੬ | ੨੭ | ੨੮ | ੨੯ | ੩੦ | |

### ਮੱਘਰ (ਨਵੰਬਰ-24 – ਦਸੰਬਰ-24)

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨਿੱਚਰ |
|---|---|---|---|---|---|---|
| | | | | | | ੧ |
| ੨ | ੩ | ੪ | ੫ | ੬ | ੭ | ੮ |
| ੯ | ੧੦ | ੧੧ | ੧੨ | ੧੩ | ੧੪ | ੧੫ |
| ੧੬ | ੧੭ | ੧੮ | ੧੯ | ੨੦ | ੨੧ | ੨੨ |
| ੨੩ | ੨੪ | ੨੫ | ੨੬ | ੨੭ | ੨੮ | ੨੯ |

### ਪੋਹ (ਦਸੰਬਰ-24 – ਜਨਵਰੀ-25)

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨਿੱਚਰ |
|---|---|---|---|---|---|---|
| ੧ | ੨ | ੩ | ੪ | ੫ | ੬ | ੭ |
| ੮ | ੯ | ੧੦ | ੧੧ | ੧੨ | ੧੩ | ੧੪ |
| ੧੫ | ੧੬ | ੧੭ | ੧੮ | ੧੯ | ੨੦ | ੨੧ |
| ੨੨ | ੨੩ | ੨੪ | ੨੫ | ੨੬ | ੨੭ | ੨੮ |
| ੨੯ | ੩੦ | | | | | |

### ਮਾਘ (ਜਨਵਰੀ-25 – ਫਰਵਰੀ-25)

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨਿੱਚਰ |
|---|---|---|---|---|---|---|
| | | ੧ | ੨ | ੩ | ੪ | ੫ |
| ੬ | ੭ | ੮ | ੯ | ੧੦ | ੧੧ | ੧੨ |
| ੧੩ | ੧੪ | ੧੫ | ੧੬ | ੧੭ | ੧੮ | ੧੯ |
| ੨੦ | ੨੧ | ੨੨ | ੨੩ | ੨੪ | ੨੫ | ੨੬ |
| ੨੭ | ੨੮ | ੨੯ | | | | |

### ਫੱਗਣ (ਫਰਵਰੀ-25 – ਮਾਰਚ-25)

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨਿੱਚਰ |
|---|---|---|---|---|---|---|
| | | | ੧ | ੨ | ੩ | ੪ |
| ੫ | ੬ | ੭ | ੮ | ੯ | ੧੦ | ੧੧ |
| ੧੨ | ੧੩ | ੧੪ | ੧੫ | ੧੬ | ੧੭ | ੧੮ |
| ੧੯ | ੨੦ | ੨੧ | ੨੨ | ੨੩ | ੨੪ | ੨੫ |
| ੨੬ | ੨੭ | ੨੮ | ੨੯ | ੩੦ | | |

ਸੰਗਰਾਂਦ | ਮੱਸਿਆ | ਪੂਰਨਮਾਸ਼ੀ

ਗੁਰਪੁਰਬ | ਇਤਿਹਾਸਕ ਦਿਹਾੜੇ | ਸਰਕਾਰੀ ਛੁੱਟੀਆਂ | ਭਗਤ ਸਾਹਿਬਾਨ ਦੇ ਦਿਹਾੜੇ

## ਪ੍ਰਕਾਸ਼ਕ: ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ.ਕੇ.

ਸੰਪਰਕ : +44 78139 53484, +44 75392 43163, +44 7976210161, +91 94788 97960 E-Mail : nsycuk1469@gmail.com, Web : www.nsycuk.com

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243




ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :


+447458381111 +447976210161 +919729091243

ਘੜੀਐ ਸਬਦੁ ਸਚੀ ਟਕਸਾਲ ।।

ਵਾਹਿਗੁਰੂ ਜੀ ਕਾ ਖਾਲਸਾ । ਵਾਹਿਗੁਰੂ ਜੀ ਕੀ ਫਤਿਹ ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)



# 6 ਜੂਨ 1984 ਦੇ 40ਵੇਂ ਘੱਲੂਘਾਰੇ ਨੂੰ ਸਮਰਪਿਤ 40 ਦਿਨ ਵਾਹਿਗੁਰੂ ਸਿਮਰਨ

ਜੂਨ 1984 ਦੇ ਸਮੂਹ ਸ਼ਹੀਦ ਕੀਤੇ ਸਿੰਘ ਸਿੰਘਣੀਆਂ ਭੁਝੰਗੀਆਂ ਦੀਆਂ ਸ਼ਹੀਦੀਆਂ ਨੂੰ ਸਮਰਪਿਤ 40 ਦਿਨ ਨਾਮ ਸਿਮਰਨ ਕਰਵਾਇਆ ਜਾ ਰਿਹਾ ਹੈ

• 27 ਅਪ੍ਰੈਲ ਸ਼ਨਿੱਚਰਵਾਰ ਸ਼ਾਮ 5 ਵਜੇ ਪਹਿਲੇ ਦਿਨ ਦੀ ਵਾਹਿਗੁਰੂ ਸਿਮਰਨ ਦੀ ਆਰੰਭਤਾ ਹੋਵੇਗੀ • 8 ਜੂਨ 2024 ਸ਼ਨਿੱਚਰਵਾਰ ਸ਼ਾਮ 6 ਵਜੇ ਨੂੰ ਸਮਾਪਤੀ ਹੋਵੇਗੀ

ਸਮੇਂ ਦਾ ਵੇਰਵਾ : ਹਰ ਸ਼ਨਿੱਚਰਵਾਰ ਸ਼ਾਮ 5 ਤੋਂ 6 ਵਜੇ ਤੱਕ ਬਾਕੀ ਸਾਰੇ ਦਿਨ ਹਰ ਰੋਜ ਸ਼ਾਮ 7 ਵਜੇ ਆਰੰਭਤਾ 8 ਵਜੇ ਵਾਹਿਗੁਰੂ ਸਿਮਰਨ ਦੀ ਸਮਾਪਤੀ ਹੋਵੇਗੀ।

☛ ਵੱਧ ਤੋਂ ਵੱਧ ਸ਼ੇਅਰ ਜ਼ਰੂਰੀ ਕਰਨਾ ਜੀ

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

★ ਗੁਰੂ ਪੰਥ ਦੇ ਦਾਸਰੇ ★

ਸਾਧ ਸੰਗਤ, ਪ੍ਰਬੰਧਕ ਕਮੇਟੀ
ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-
ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778
ਭਾਈ ਬਲਰਾਮ ਸਿੰਘ +393885751594
ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

☛ ਸਿੱਖ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ । ਆਪਣਾ ਕੀਮਤੀ ਸਮਾਂ ਕੱਢਕੇ ਸਮਾਗਮਾ ਵਿਚ ਪਹੁੰਚਣ ਦੀ ਕ੍ਰਿਪਾਲਤਾ ਕਰੋ ਜੀ।

Gurdwara Sahib Shaeed Baba Deep Singh ji Damdami Taksaal
Via Giacomo Matteotti 3Cap
26020Casalmorano Cremona (IT)
E-mail : gur.damdamitaksaalitaly@gmail.com
Call+393475711755 / 3208124778

ਘੜੀਐ ਸਬਦੁ ਸਚੀ ਟਕਸਾਲ ।।

ਵਾਹਿਗੁਰੂ ਜੀ ਕਾ ਖਾਲਸਾ । ਵਾਹਿਗੁਰੂ ਜੀ ਕੀ ਫਤਿਹ ॥


# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)



# ਮਹਾਨ ਗੁਰਪੁਰਬ

ਗੁਰਿਆਈ ਗੱਦੀ ਧੰਨ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਜੋਤੀ ਜੋਤ ਧੰਨ ਸ਼੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ।




ਸ਼ਨਿੱਚਰਵਾਰ 27 ਅਪ੍ਰੈਲ ਸ਼ਾਮ 5 ਤੋਂ 8 ਵਜੇ ਤੱਕ ਦੀਵਾਨ ਸੱਜਣਗੇ

ਐਤਵਾਰ 28 ਅਪ੍ਰੈਲ 6:30 ਵਜੇ ਸਵੇਰੇ ਚਪੈਹਿਰੇ ਦੇ ਪਾਠਾਂ ਦੀ ਆਰੰਭਤਾ ਹੋਵੇਗੀ 9: 30 ਵਜੇ ਭੋਗ ਪੈਣਗੇ ਉਪੰਰਤ 12:30 ਵਜੇ ਤੱਕ ਦੀਵਾਨ ਸੱਜਣਗੇ।

ਇਸ ਗੁਰ ਪੁਰਬ ਦੀਆਂ ਸੇਵਾਵਾਂ ਭਾਈ ਭੁਪਿੰਦਰ ਸਿੰਘ ਰੋਮਾਨੋਗੋ ਦੇ ਉਪਰਾਲੇ ਸਦਕਾ ਸਮੂਹ ਸਿੱਖ ਸੰਗਤਾਂ ਵੱਲੋਂ ਸੇਵਾਵਾਂ ਨਿਭਾਈਆ ਜਾਣਗੀਆਂ।

ਕਥਾ ਵਾਚਕ ਭਾਈ ਰਜਿੰਦਰ ਸਿੰਘ ਨਾਨਕਸਰ ਵਾਲੇ ਕਥਾ ਰਾਹੀਂ ਗੁਰਬਾਣੀ ਕਥਾ ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਨਾਲ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

☛ ਸਟਾਲ ਵੀ ਲੱਗਣਗੇ
☛ ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

★ ਗੁਰੂ ਪੰਥ ਦੇ ਦਾਸਰੇ ★

**ਸਾਧ ਸੰਗਤ, ਪ੍ਰਬੰਧਕ ਕਮੇਟੀ**
**ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ**
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-
ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778
ਭਾਈ ਬਲਰਾਮ ਸਿੰਘ +393885751594
ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

☛ ਸ਼ੇਅਰ ਜ਼ਰੂਰੀ ਕਰਨਾ ਜੀ
☛ ਸਿੱਖ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ। ਆਪਣਾ ਕੀਮਤੀ ਸਮਾਂ ਕੱਢਕੇ ਸਮਾਗਮਾ ਵਿਚ ਪੁਹੁੰਚਣ ਦੀ ਕ੍ਰਿਪਾਲਤਾ ਕਰੋ ਜੀ।

**Gurdwara Sahib Shaeed Baba Deep Singh ji Damdami Taksaal**
Via Giacomo Matteotti 3Cap
26020Casalmorano Cremona (IT)
E-mail : gur.damdamitaksaalitaly@gmail.com
Call+393475711755 / 3208124778


ਆਵਾਜ਼ਿ ਕੌਮ
AWAZE QAUM
International Newspaper & WEB TV
SHIROMANI PANTH AKAALI BUDHA DAL FAUJ UK
UNDER THE GUIDANCE OF AKAALI BABA MAAN SINGH JI 96 CRORI
Mahant Giani Tarlochan Singh Ji
HEAD GRANTHI MISL
SHAHEEDAN TARNA DAL SRI
BABA BAKALA SAHIB
UK TOUR 2024
ARRIVING 30 APRIL
AT MANCHESTER AIRPORT
TIME: 12PM
FOR FURTHER INFORMATION
CONTACT 07789616665 /
07888371623 / 07748380389
AMRIT SANCHAAR
BY PANJ PYAARE FROM BUDHA DAL AND TARNA DAL
SATURDAY 4 MAY 2024
SRI GURU SINGH SABHA GURDWARA
32 DERBY ST, CHEETHAM HILL,
MANCHESTER M8 8RY
• ARRIVE AT 10AM
• BUDHA DAL LICENCE PROVIDED ON THE DAY
• KESI ISHNAN MUST BE DONE

## ਇੱਕ ਨਜ਼ਰ



# ਦੇਸ਼ ਦੀ ਰੱਖਿਆ ਕਰਦਾ ਪੰਜਾਬ ਦਾ ਜਵਾਨ ਲਖਵਿੰਦਰ ਸਿੰਘ ਹੋਇਆ ਸ਼ਹੀਦ

## ਅੱਜ ਉਨ੍ਹਾਂ ਦੇ ਜੱਦੀ ਪਿੰਡ ਮਹਿਤਾ ਵਿਖੇ ਪੂਰੇ ਮਾਣ ਸਨਮਾਨ ਨਾਲ ਕੀਤਾ ਅੰਤਿਮ ਸੰਸਕਾਰ

ਚੌਂਕ ਮਹਿਤਾ 26 ਅਪ੍ਰੈਲ ( ਬਾਬਾ ਸੁਖਵੰਤ ਸਿੰਘ ਚੰਨਣਕੇ) ਅੰਮ੍ਰਿਤਸਰ ਜ਼ਿਲ੍ਹੇ ਤਹਿਸੀਲ ਬਾਬਾ ਬਕਾਲਾ ਦੇ ਪਿੰਡ ਮਹਿਤਾ ਦੇ ਇੱਕ ਸਧਾਰਨ ਪਰਿਵਾਰ ਦੇ ਸਰਦਾਰ ਸੁਖਚੈਂਨ ਸਿੰਘ ਦਾ ਪੁੱਤਰ ਜਵਾਨ ਸ੍ਰ. ਲਖਵਿੰਦਰ ਸਿੰਘ ਹੌਲਦਾਰ 15 ਸਿੱਖ ਬਟਾਲੀਅਨ ਦੇ ਜਵਾਨ ਸਨ। ਜੋ ਅਸ਼ਾਮ ਵਿੱਚ ਡਿਊਟੀ ਤੇ ਤਾਇਨਾਤ ਸਮੇਂ ਜਵਾਨ ਲਖਵਿੰਦਰ ਸਿੰਘ ਦੀ ਦਿਲ ਦਾ ਦੌਰਾ ਪੈਣ ਕਾਰਨ ਸ਼ਿਹਦ ਹੋ ਗਏ। ਜਵਾਨ ਲਖਵਿੰਦਰ ਸਿੰਘ ਪਿਛਲੇ 22 ਸਾਲ ਤੋਂ ਦੇਸ਼ ਦੀ ਸੇਵਾ ਕਰ ਰਹੇ ਸਨ। ਇਸ ਅਚਾਨਕ ਘਟਨਾ ਬਾਰੇ ਉਨ੍ਹਾਂ ਦੀ ਧਰਮਪਤਨੀ ਰਵਿੰਦਰ ਕੌਰ ਨੂੰ ਫੋਨ ਤੇ ਸੂਚਨਾ ਮਿਲਦੀ ਹੈ ਕਿ ਉਨ੍ਹਾਂ ਦੇ ਫੌਜੀ ਪਤੀ ਜਵਾਨ ਲਖਵਿੰਦਰ ਸਿੰਘ ਹੌਲਦਾਰ ਮੌਤ ਹੋ ਗਈ ਹੈ। ਤੇ ਅੱਜ ਉਨ੍ਹਾਂ ਦੇ ਜੱਦੀ ਪਿੰਡ ਮਹਿਤਾ ਵਿਖੇ ਪਹੁੰਚੀ ਮ੍ਰਿਤਕ ਦੀ ਦੇਹ ਲੈ ਕੇ ਪਹੁੰਚੀ ਫੌਜ ਦੀ ਟੁਕੜੀ ਵਲੋਂ ਪਿੰਡ ਦੀ ਸ਼ਮਸ਼ਾਨਘਾਟ ਵਿੱਚ ਅੰਤਿਮ ਸੰਸਕਾਰ ਮੌਕੇ ਸਲਾਮੀ ਦੇ ਕੇ ਸ਼ਰਧਾਂਜਲੀ ਦਿੱਤੀ ਗਈ। ਇਸ ਮੌਕੇ ਉਨ੍ਹਾਂ ਦੀ ਧਰਮਪਤਨੀ ਰਵਿੰਦਰ ਕੌਰ ਤੇ ਉਨ੍ਹਾਂ ਦੇ ਲੜਕੇ ਲਵਪ੍ਰੀਤ ਸਿੰਘ ਅਤੇ ਲੜਕੀ ਜਸਮੀਨ ਕੌਰ ਤੇ ਉਨ੍ਹਾਂ ਦੇ ਪਿਤਾ ਸੁਖਚੈਂਨ ਸਿੰਘ ਤੇ ਮਾਤਾ ਮਨਜੀਤ ਕੌਰ ਅਤੇ ਉਨ੍ਹਾਂ ਦੇ ਭਰਾ ਭੁਪਿੰਦਰ ਸਿੰਘ ਵੱਲੋਂ ਜੈ ਹਿੰਦ ਦੇ ਨਾਹਰੇ ਲਾਕੇ ਜਵਾਨ ਲਖਵਿੰਦਰ ਸਿੰਘ ਹੌਲਦਾਰ ਨੂੰ ਦਿੱਤੀ ਅੰਤਿਮ ਵਿਦਾਇਗੀ। ਇਸ ਮੌਕੇ ਹਲਕਾ ਜੰਡਿਆਲਾ ਗੁਰੂ ਦੇ ਵਿਧਾਇਕ ਅਤੇ ਕੈਬਨਿਟ ਮੰਤਰੀ ਸ੍ਰ. ਹਰਭਜਨ ਸਿੰਘ ਈ.ਟੀ.ਓ,ਗਗਨਦੀਪ ਸਿੰਘ ਢੀਂਡਸਾ ਐੱਸ.ਐੱਚ.ਓ ਮਹਿਤਾ, ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਅਜੈ ਗਾਂਧੀ, ਪ੍ਰਧਾਨ ਅੜ੍ਹਤੀ ਐਸੋਸੀਏਸ਼ਨ ਸੁਖਦੇਵ ਸਿੰਘ ਬੁੱਟਰ, ਅਜੀਤ ਸਿੰਘ ਬੱਬੀ, ਆਮ ਆਦਮੀ ਪਾਰਟੀ ਹਲਕਾ ਕੋਆਰਡੀਨੇਟਰ ਬੀ.ਸੀ.ਵਿੰਗ ਸ੍ਰ.ਜਸਕਰਨ ਸਿੰਘ ਸੰਧੂ, ਸੀਨੀਅਰ ਆਗੂ ਆਗੂ ਸ੍ਰ.ਰਾਜਵਿੰਦਰ ਸਿੰਘ ਲਾਡੀ, ਸਰਪੰਚ ਮਹਿੰਦਰ ਸਿੰਘ,ਸ੍ਰ. ਦਿਆ ਸਿੰਘ ਸੀਨੀਅਰ ਆਪ ਆਗੂ,ਬਲਾਕ ਪ੍ਰਧਾਨ ਜਰਮਨਜੀਤ ਸਿੰਘ ਉਦੋਨੰਗਲ, ਬਾਬਾ ਜਗਦੀਸ਼ ਸਿੰਘ, ਜਗਮੇਲ ਸਿੰਘ ਪੱਪੂ, ਹਰਦੀਪ ਸਿੰਘ ਮਹਿਤਾ, ਗੁਰਵਿੰਦਰ ਸਿੰਘ ਬੱਲੂ,ਕੈਪਟਨ ਸੁਖਚੈਨ ਸਿੰਘ, ਕੈਪਟਨ ਕੁਲਵੰਤ ਸਿੰਘ, ਕੈਪਟਨ ਮੰਗਲ ਸਿੰਘ, ਕੈਪਟਨ ਗੁਰਮੁਖ ਸਿੰਘ, ਸੂਬੇਦਾਰ ਬਲਬੀਰ ਸਿੰਘ ਸੂਬੇਦਾਰ ਬਲਵਿੰਦਰ ਸਿੰਘ,ਸੂਬੇਦਾਰ ਗੁਪਾਲ ਸਿੰਘ,ਸੂਬੇਦਾਰ ਕੁਲਵਿੰਦਰ ਸਿੰਘ,ਸੂਬੇਦਾਰ ਹੀਰਾ ਸਿੰਘ,ਸੂਬੇਦਾਰ ਰਣਜੀਤ ਸਿੰਘ , ਨੈਬ.ਸੂਬੇਦਾਰ ਰਸ਼ਪਾਲ ਸਿੰਘ, ਰਣਜੀਤ ਸਿੰਘ ਹੌਲਦਾਰ ਨੇ ਅਤੇ ਰਾਜਨੀਤਕ ਪਾਰਟੀਆਂ ਦੇ ਵੱਖ ਵੱਖ ਆਗੂਆਂ ਵੱਲੋਂ ਪਹੁੰਚ ਕੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ।

# ਅਕਾਲੀ ਉਮੀਦਵਾਰ ਸ.ਰਣਜੀਤ ਸਿੰਘ ਢਿੱਲੋਂ ਦਾ ਹਲਕਾ ਜਗਰਾਉਂ ਵਿੱਚ ਵੱਖ ਵੱਖ ਥਾਵਾਂ ਤੇ ਕੀਤਾ ਗਿਆ ਸਨਮਾਨਿਤ



ਜਗਰਾਉਂ, 26 ਅਪ੍ਰੈਲ (ਵਰਿਆਮ ਹਠੂਰ) ਸ: ਰਣਜੀਤ ਸਿੰਘ ਢਿੱਲੋ ਜੀ ਨੂੰ ਲੁਧਿਆਣਾ ਤੋ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਬਣਨ ਤੇ ਸ਼੍ਰੀ ਐੱਸ ਆਰ ਕਲੇਰ ਸਾਬਕਾ ਵਿਧਾਇਕ ਜਗਰਾਉਂ ਦੀ ਅਗਵਾਈ ਹੇਠ ਸ਼੍ਰੋਮਣੀ ਅਕਾਲੀ ਦਲ ਦੇ ਦਫ਼ਤਰ ਗ੍ਰੀਨ ਸਿਟੀ ਜਗਰਾਉਂ ਪਹੁੰਚਣ ਤੇ ਨਿੱਘਾ ਸਵਾਗਤ ਕੀਤਾ ਗਿਆ ਜਿਸ ਤੋਂ ਬਾਅਦ ਸ.ਰਣਜੀਤ ਸਿੰਘ ਢਿੱਲੋਂ ਵੱਲੋਂ ਸਾਬਕਾ ਵਿਧਾਇਕ ਸ.ਭਾਗ ਸਿੰਘ ਮੱਲਾ ਦੇ ਗ੍ਰਹਿ ਪਹੁੰਚੇ ਜਿਸ ਤੋਂ ਬਾਅਦ ਗੁਰਦੁਆਰਾ ਪਾਤਸ਼ਾਹੀ ਛੇਂਵੀ ਗੁਰੂਸਰ, ਪ੍ਰਸਿੱਧ ਧਾਰਮਿਕ ਸਥਾਨ ਨਾਨਕਸਰ, ਭੰਦਰਕਾਲੀ ਮੰਦਿਰ, ਲਾਲਾ ਲਾਜਪਾਤ ਰਾਏ ਜੀ ਦੇ ਘਰ, ਜਾਮਾ ਮਸਜਿਦ, ਹਨੂੰਮਾਨ ਮੰਦਰ ਮੰਡੀ, ਗਾਉਸਾਲਾ ਮੰਡੀ ਤੋਂ ਬਾਅਦ ਜੈਨ ਸਮਾਧ ਤੇ ਨਤਮਸਤਕ ਹੋ ਕਿ ਅਸ਼ੀਰਵਾਦ ਪ੍ਰਾਪਤ ਕੀਤਾ, ਇਸ ਮੌਕੇ ਸਾਬਕਾ ਵਿਧਾਇਕ ਸ਼੍ਰੀ ਐੱਸ ਆਰ ਕਲੇਰ, ਭਾਈ ਗੁਰਚਰਨ ਸਿੰਘ ਗਰੇਵਾਲ, ਸੀਨੀਅਰ ਆਗੂ ਸ.ਕਮਲਜੀਤ ਸਿੰਘ ਮੱਲਾ, ਸਾਬਕਾ ਚੇਅਰਮੈਨ ਦੀਦਾਰ ਸਿੰਘ ਮਲਕ, ਪ੍ਰਧਾਨ ਬਿੰਦਰ ਸਿੰਘ ਮਨੀਲਾ, ਸਾਬਕਾ ਚੇਅਰਮੈਨ ਸ.ਚੰਦ ਸਿੰਘ ਡੱਲਾ, ਅਤੇ ਪ੍ਰਧਾਨ ਮਲਕੀਤ ਸਿੰਘ ਧਾਲੀਵਾਲ ਹਠੂਰ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਵੱਲੋਂ ਉਮੀਦਵਾਰ ਸ: ਰਣਜੀਤ ਸਿੰਘ ਢਿੱਲੋਂ ਵੱਡੀ ਲੀਡ ਨਾਲ ਜਿੱਤ ਪ੍ਰਾਪਤ ਕਰਨਗੇ, ਕਿਉਂਕਿ ਸੂਝਵਾਨ ਵੋਟਰ ਆਮ ਆਦਮੀ ਪਾਰਟੀ ਦੀ ਝੂਠ ਮਾਰ ਕੇ ਅਤੇ ਲੋਕਾਂ ਨੂੰ ਗੁੰਮਰਾਹ ਕਰਕੇ ਸੱਤਾ ਵਿੱਚ ਆਈ ਸਰਕਾਰ ਤੋਂ ਤੰਗ ਆ ਚੁੱਕੇ ਹਨ। ਤੇ ਲੋਕ ਸ਼੍ਰੋਮਣੀ ਅਕਾਲੀ ਦਲ ਦੇ ਸਰਕਾਰ ਮੌਕੇ ਕੀਤੇ ਹੋਏ ਵਿਕਾਸ ਕਾਰਜਾਂ ਨੂੰ ਯਾਦ ਕਰ ਰਹੇ ਹਨ। ਉਨ੍ਹਾਂ ਅੱਗੇ ਕਿਹਾ ਕਿ ਸ: ਰਣਜੀਤ ਸਿੰਘ ਢਿੱਲੋਂ ਦੀ ਹਲਕੇ ਵਿੱਚ ਫੇਰੀ ਨਾਲ ਵੋਟਰਾਂ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਤੇ ਹਲਕੇ ਦੇ ਨੌਜਵਾਨ ਉਮੀਦਵਾਰ ਸ: ਰਣਜੀਤ ਸਿੰਘ ਢਿੱਲੋਂ ਨੂੰ ਜਿਤਾਉਣ ਲਈ ਬੇਹੱਦ ਕਾਹਲੇ ਹੋਏ ਪਏ ਹਨ। ਗੱਲਬਾਤ ਕਰਦਿਆਂ ਉਮੀਦਵਾਰ ਸ: ਰਣਜੀਤ ਸਿੰਘ ਢਿੱਲੋਂ ਨੇ ਕਿਹਾ ਕਿ ਲੋਕ ਆਮ ਆਦਮੀ ਪਾਰਟੀ ਦੀ ਬਦਲਾਅ ਵਾਲੀ ਸਰਕਾਰ ਤੋਂ ਅੱਕ ਚੁੱਕੇ ਹਨ। ਕਿਉਂਕਿ ਆਮ ਆਦਮੀ ਪਾਰਟੀ ਨੇ ਲੋਕਾਂ ਨਾਲ ਝੂਠੇ ਵਾਅਦੇ ਕਰਕੇ ਸੱਤਾ ਹਾਸਲ ਕੀਤੀ ਹੈ। ਤੇ ਹੁਣ ਸੂਝਵਾਨ ਵੋਟਰ ਚੋਣਾਂ ਵਿੱਚ ਆਮ ਆਦਮੀ ਪਾਰਟੀ ਦਾ ਡੋਲੂ ਮਾਂਝ ਦੇਣਗੇ, ਉਨ੍ਹਾਂ ਕਿਹਾ ਕਿ ਹਰ ਪਾਸੇ ਉਨ੍ਹਾਂ ਨੂੰ ਲੋਕਾਂ ਦਾ ਭਰਵਾਂ ਹੁੰਗਾਰਾ ਤੇ ਪਿਆਰ ਸਤਿਕਾਰ ਮਿਲ ਰਿਹਾ ਹੈ। ਤੇ ਉਮੀਦ ਹੈ ਕਿ ਸੂਝਵਾਨ ਵੋਟਰ ਆਪਣੀ ਵੋਟ ਦਾ ਸਹੀ ਇਸਤੇਮਾਲ ਕਰਨਗੇ, ਅੰਤ ਵਿੱਚ ਉਨ੍ਹਾਂ ਹਲਕੇ ਦੇ ਸਾਰੇ ਸੀਨੀਅਰ ਆਗੂਆਂ ਅਤੇ ਵਰਕਰਾਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕੀਤਾ, ਜ਼ਿਕਰਯੋਗ ਹੈ ਕਿ ਉਮੀਦਵਾਰ ਸ: ਰਣਜੀਤ ਸਿੰਘ ਢਿੱਲੋਂ ਸਮੇਤ ਹੋਰ ਵੱਖ ਵੱਖ ਸੀਨੀਅਰ ਆਗੂਆਂ ਨੂੰ ਵੱਖ ਵੱਖ ਥਾਵਾਂ ਤੇ ਸਨਮਾਨਿਤ ਵੀ ਕੀਤਾ ਗਿਆ, ਇਸ ਮੌਕੇ ਸਰਕਲ ਪ੍ਰਧਾਨ ਸਿਵਰਾਜ ਸਿੰਘ ਸਰਪੰਚ, ਸਰਕਲ ਪ੍ਰਧਾਨ ਮਲਕੀਤ ਸਿੰਘ ਹਠੂਰ, ਸਰਕਲ ਪ੍ਰਧਾਨ ਪਰਮਿੰਦਰ ਸਿੰਘ ਚੀਮਾ, ਸਰਕਲ ਪ੍ਰਧਾਨ ਸਰਪ੍ਰੀਤ ਸਿੰਘ ਕਾਉਂਕੇ, ਸਰਕਲ ਪ੍ਰਧਾਨ ਤਜਿੰਦਰਪਾਲ ਸਿੰਘ ਕੰਨੀਆ, ਸਰਕਲ ਪ੍ਰਧਾਨ ਇਸ਼ਟਪ੍ਰੀਤ ਸਿੰਘ ਜਗਰਾਉਂ, ਕੌਂਸਲਰ ਦਵਿੰਦਰਜੀਤ ਸਿੰਘ ਸਿੱਧੂ, ਯੂਥ ਆਗੂ ਦੀਪਇੰਦਰ ਸਿੰਘ ਭੰਡਾਰੀ, ਆਈ ਟੀ ਵਿੰਗ ਹਲਕਾ ਪ੍ਰਧਾਨ ਸੁਖਦੇਵ ਸਿੰਘ ਜੱਗਾ ਸੇਖੋਂ ਕਾਉਂਕੇ, ਮਨਿੰਦਰਪਾਲ ਸਿੰਘ ਬਾਲੀ ਠੇਕੇਦਾਰ, ਯੂਥ ਆਗੂ ਜਗਰਾਜ ਸਿੰਘ ਰਾਜਾ, ਯੂਥ ਆਗੂ ਹਰਦੇਵ ਸਿੰਘ ਬੋਬੀ, ਸਾਬਕਾ ਸਰਪੰਚ ਰੇਸ਼ਮ ਸਿੰਘ ਮਾਣੂੰਕੇ, ਸਾਬਕਾ ਸਰਪੰਚ ਕਰਮਜੀਤ ਸਿੰਘ ਕੋਠੇ ਸੇਰਜੰਗ, ਸਾਬਕਾ ਸਰਪੰਚ ਨਿਰਭੈ ਸਿੰਘ ਅਲੀਗੜ੍ਹ, ਪ੍ਰਧਾਨ ਜਸਵੰਤ ਸਿੰਘ ਕੋਠੇ ਖਜੂਰਾ, ਯੂਥ ਪ੍ਰਧਾਨ ਜਤਿੰਦਰ ਸਿੰਘ ਰਿੱਕੂ ਕਲੇਰਾ, ਯੂਥ ਆਗੂ ਬਿੱਟੂ ਸਿੱਧੂ ਡੱਲਾ, ਚੌਧਰੀ ਚਰਨਜੀਤ ਸਿੰਘ ਚੰਨਾ ਹਠੂਰ, ਬਾਦਲ ਹਠੂਰ, ਸਾਬਕਾ ਸਰਪੰਚ ਜੋਰਾ ਸਿੰਘ ਸਵੱਦੀ, ਮਿੱਟੂ ਸਵੱਦੀ, ਪ੍ਰਧਾਨ ਸੁਰਵੇਸ ਕੁਮਾਰ ਗੁਡਗੋ, ਜੋਨਸਨ, ਯੂਥ ਪ੍ਰਧਾਨ ਦਲਜੀਤ ਸਿੰਘ ਪੋਨਾ, ਡਾਕਟਰ ਗੁਰਮੀਤ ਸਿੰਘ, ਜਗਤਾਰ ਸਿੰਘ ਕੋਠੇ ਅੱਠ ਚੱਕ, ਆਤਮਾ ਸਿੰਘ ਭੰਮੀਪੁਰਾ, ਸਾਬਕਾ ਸਰਪੰਚ ਪਰਮਿੰਦਰ ਸਿੰਘ ਕੋਠੇ ਫਤਿਹਦੀਨ, ਜਗਦੀਸ਼ ਸਿੰਘ ਭੰਮੀਪੁਰਾ, ਮਨਦੀਪ ਸਿੰਘ ਭੰਮੀਪੁਰਾ, ਲਾਲੀ ਚੀਮਾ, ਮਨਜੀਤ ਸਿੰਘ ਗੁਰਮੀਤ ਸਿੰਘ ਜਗਰਾਉਂ, ਗੁਰਪ੍ਰੀਤ ਸਿੰਘ ਕਾਉਂਕੇ ਅਤੇ ਹੋਰ ਅਨੇਕਾਂ ਆਗੂ ਅਤੇ ਵਰਕਰ ਹਾਜ਼ਰ ਸਨ

### ਬੇਅਦਬੀ ਦੇ ਮੁੱਦੇ ਵਿਸਾਰਨ ਦਾ ਲੋਕ ਬੜੇ ਅਦਬ ਨਾਲ ਦੇਣਗੇ ਜਵਾਬ: ਪ੍ਰੋਫੈਸਰ ਸਰਚਾਂਦ ਸਿੰਘ ਖਿਆਲਾ

# 'ਰੋਡ ਸ਼ੋਅ ਦੌਰਾਨ ਕੁੰਵਰ ਵਿਜੇ ਪ੍ਰਤਾਪ ਦੀ ਗੈਰ-ਹਾਜ਼ਰੀ ਨੇ ਆਪ 'ਚ ਆਪਣੇ ਹੀ ਬੇਗਾਨਿਆਂ ਹੋਣ ਦੀ ਪਾਈ ਬਾਤ'

## ਪ੍ਰੋਫੈਸਰ ਸਰਚਾਂਦ ਸਿੰਘ ਨੇ ਕਿਹਾ ਕਿ ਆਪ ਵਿਧਾਇਕ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਸੀਐੱਮ ਭਗਵੰਤ ਮਾਨ ਉੱਤੇ ਸੰਗੀਨ ਦੋਸ਼ ਲਾਉਂਦਿਆਂ ਸੋਸ਼ਲ ਮੀਡੀਆ ਉੱਤੇ ਲੰਮੀ ਚੌੜੀ ਪੋਸਟ 'ਚ ਕਈ ਸਵਾਲ ਚੁੱਕੇ ਹਨ.....



ਅੰਮ੍ਰਿਤਸਰ, 26 ਅਪ੍ਰੈਲ ( ਆਵਾਜ਼ਿ ਕੌਮ ਬਿਊਰੋ)- ਭਾਰਤੀ ਜਨਤਾ ਪਾਰਟੀ ਦੇ ਸੂਬਾ ਬੁਲਾਰੇ ਪ੍ਰੋਫੈਸਰ ਸਰਚਾਂਦ ਨੇ ਕਿਹਾ ਕਿ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਸੀਐਮ ਭਗਵੰਤ ਮਾਨ 5 ਦਿਨਾ ਦੌਰੇ ਉੱਤੇ ਹਨ, ਪਰ ਉਹ ਗੁਰੂ ਨਗਰੀ ਅੰਮ੍ਰਿਤਸਰ ਦੀਆਂ ਸੜਕਾਂ ਉੱਤੇ ਰੋਡ ਸ਼ੋਅ ਦੌਰਾਨ ਬੀਤੇ ਕਰੀਬ ਦੋ ਦਹਾਕਿਆਂ ਤੋਂ ਪੰਜਾਬ ਦੇ ਸਭ ਤੋਂ ਚਰਚਿਤ ਬੇਅਦਬੀ ਤੇ ਕੋਟਕਪੂਰਾ ਗੋਲੀਕਾਂਡ ਮੁੱਦੇ ਸਬੰਧੀ ਮੂੰਹ ਨਾ ਖੋਲ੍ਹਣ ਤਾਂ ਕਿਹਾ ਜਾ ਸਕਦਾ ਹੈ ਕਿ ਹੁਣ ਬਿੱਲੀ ਥੈਲੇ ਚੋਂ ਬਾਹਰ ਆ ਗਈ ਹੈ। ਭਾਜਪਾ ਦੇ ਪ੍ਰੋ.ਸਰਚਾਂਦ ਸਿੰਘ ਨੇ ਕਿਹਾ ਕਿ ਗੁਰੂ ਨਗਰੀ 'ਚ ਸੀਐਮ ਭਗਵੰਤ ਮਾਨ ਵੱਲੋਂ ਆਪ ਦੇ ਉਮੀਦਵਾਰ ਲਈ ਕੀਤੇ ਰੋਡ ਸ਼ੋਅ ਨੂੰ ਲੋਕਾਂ ਦਾ ਫਿੱਕਾ ਹੁੰਗਾਰਾ ਤਾਂ ਜ਼ਾਹਰ ਹੋਇਆ ਹੀ ਹੈ, ਸਗੋਂ ਆਪ ਦੇ ਆਪਣੇ ਵਿਧਾਇਕ ਕੁੰਵਰ ਵਿਜੇ ਪ੍ਰਤਾਪ ਸਿੰਘ ਦੀ ਗੈਰ ਹਾਜ਼ਰੀ ਨੇ ਚੱਲ ਰਹੀਆਂ ਚਰਚਾਵਾਂ ਦੀ ਪੁਸ਼ਟੀ ਕੀਤੀ ਹੈ ਕਿ ਆਪ 'ਚ ਹੁਣ ਆਪਣੇ ਵੀ ਬੇਗਾਨਿਆਂ ਵਾਂਗ ਠੱਗੇ ਹੋਏ ਮਹਿਸੂਸ ਕਰ ਰਹੇ ਹਨ। ਉਨ੍ਹਾਂ ਮੁੱਖ ਮੰਤਰੀ ਦੇ ਰੋਡ ਸ਼ੋਅ ਤੋਂ ਇੱਕ ਦਿਨ ਪਹਿਲਾਂ ਹੀ ਆਪ ਵਿਧਾਇਕ ਕੁੰਵਰ ਵਿਜੇ ਪ੍ਰਤਾਪ ਸਿੰਘ ਦੀ ਇੱਕ ਸੋਸ਼ਲ ਮੀਡੀਆ ਪੋਸਟ ਦਾ ਜ਼ਿਕਰ ਕਰਦਿਆਂ ਕਿਹਾ ਕਿ ਕਿਵੇਂ ਉਨ੍ਹਾਂ ਨੇ ਆਪਣੀ ਹੀ ਸਰਕਾਰ ਨੂੰ ਬੇਅਦਬੀ ਵਰਗੀ ਸੰਵੇਦਨਸ਼ੀਲ ਮੁੱਦੇ ਵਿਸਾਰਨ ਦੀ ਦੋਸ਼ ਲਾਏ ਸਨ। ਪ੍ਰੋਫੈਸਰ ਸਰਚਾਂਦ ਸਿੰਘ ਨੇ ਕਿਹਾ ਕਿ ਆਪ ਵਿਧਾਇਕ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਸੀਐੱਮ ਭਗਵੰਤ ਮਾਨ ਉੱਤੇ ਸੰਗੀਨ ਦੋਸ਼ ਲਾਉਂਦਿਆਂ ਸੋਸ਼ਲ ਮੀਡੀਆ ਉੱਤੇ ਲੰਮੀ ਚੌੜੀ ਪੋਸਟ 'ਚ ਕਈ ਸਵਾਲ ਚੁੱਕੇ ਹਨ। ਕੁੰਵਰ ਨੇ ਪੋਸਟ ਚ ਆਪਣੀ ਹੀ ਸਰਕਾਰ ਉੱਤੇ ਬੇਅਦਬੀ ਕਾਂਡ ਦੇ ਦੋਸ਼ੀਆਂ ਨੂੰ ਬਚਾਉਣ ਦਾ ਦੋਸ਼ ਵੀ ਲਗਾਇਆ। ਉਨ੍ਹਾਂ ਨੇ ਸੀਐੱਮ ਭਗਵੰਤ ਮਾਨ ਨੂੰ ਕੋਟ ਕਰਦੇ ਹੋਏ ਲਿਖਿਆ ਕਿ ਜੇ ਅੱਜ ਤੁਸੀਂ ਮੇਰੀ "ਨਿੱਜੀ ਰਾਏ" ਕਹਿ ਰਹੇ ਹੋ, ਤਾਂ ਮੇਰੀ "ਨਿੱਜੀ ਰਾਏ" ਦਾ ਉਸ ਕੁਰਸੀ ਨਾਲ ਬਹੁਤ ਹੀ ਨੇੜਲਾ ਸਬੰਧ ਹੈ ਜਿਸ 'ਤੇ ਆਪ ਬਿਰਾਜਮਾਨ ਹੋ। ਤੁਹਾਨੂੰ ਯਾਦ ਹੈ 2017 ਦੀਆਂ ਚੋਣਾਂ, ਤੁਸੀਂ ਆਪ ਵੀ ਜਲਾਲਾਬਾਦ ਤੋਂ ਹਾਰ ਗਏ ਸੀ। ਪਰ ਤੁਹਾਡੇ ਨਾਲ 2022 ਵਿੱਚ, ਇਹ ਮੇਰੀ "ਨਿੱਜੀ ਰਾਏ" ਇਹੋ ਬੇਅਦਬੀ ਦਾ ਮੁੱਦਾ ਸੀ ਤੇ ਮੈਂ ਵੀ ਸੀ। ਤੁਸੀਂ ਮੇਰੀ ਫੋਟੋ ਪੰਜਾਬ ਦੇ ਹਰ ਜ਼ਿਲ੍ਹੇ ਦੇ ਹਰ ਚੌਂਕ-ਚੁਰਸਤੇ ਚ ਲਗਵਾਈ ਸੀ। ਤੁਸੀਂ ਆਪ ਜਿੱਤੇ ਤੇ ਸੂਬੇ ਦੇ ਲੋਕਾਂ ਨੇ ਆਮ ਆਦਮੀ ਪਾਰਟੀ ਨੂੰ 92 ਵਿਧਾਇਕ ਦਿੱਤੇ। ਜਿੱਥੋਂ ਤੱਕ ਇਨਸਾਫ਼ ਦਾ ਸਵਾਲ ਹੈ, ਇਹ ਗੁਰੂ ਗੋਬਿੰਦ ਸਿੰਘ ਜੀ ਦੀ ਅਦਾਲਤ ਵੱਲੋਂ ਜ਼ਰੂਰ ਕੀਤਾ ਜਾਵੇਗਾ। ਪ੍ਰੋਫੈਸਰ ਸਰਚਾਂਦ ਨੇ ਕਿਹਾ ਕਿ ਬੇਅਦਬੀ ਦੇ ਸੰਵੇਦਨਸ਼ੀਲ ਮੁੱਦੇ ਨੇ ਬੀਤੇ ਸਮੇਂ ਦੌਰਾਨ ਸੂਬੇ ਵਿੱਚ ਕਈ ਸਿਆਸੀ ਪਾਰਟੀਆਂ ਦਾ ਬਿਸਤਰਾ ਗੋਲ ਕੀਤਾ ਹੈ, ਹੁਣ ਇਸ ਮੁੱਦੇ ਉੱਤੇ ਯੂ-ਟਰਨ ਮਾਰਨ ਨੂੰ ਲੈ ਕੇ ਪੰਜਾਬ ਦੇ ਲੋਕ ਹੀ ਨਹੀਂ ਆਮ ਆਦਮੀ ਪਾਰਟੀ ਦੇ ਵਿਧਾਇਕ ਵੀ ਖੁੱਲ੍ਹ ਕੇ ਭਗਵੰਤ ਮਾਨ ਸਰਕਾਰ ਨੂੰ ਘੇਰਨ ਲੱਗ ਪਏ ਹਨ। ਸੂਬਾ ਬੁਲਾਰੇ ਪ੍ਰੋਫੈਸਰ ਸਰਚਾਂਦ ਨੇ ਕਿਹਾ ਕਿ ਸੀਐਮ ਭਗਵੰਤ ਮਾਨ ਦੇ ਰੋਡ ਸ਼ੋਅ ਦੌਰਾਨ ਬੋਲੇ ਬੋਲ 'ਮਾਝੇ ਵਾਲੇ ਜਦੋਂ ਮਨ ਬਣਾ ਲੈਂਦੇ ਹਨ ਤਾਂ ਬਦਲਦੇ ਨਹੀਂ, ਨੂੰ ਬੇਅਦਬੀ ਦੇ ਮੁੱਦੇ ਵਿਸਾਰਨ ਦੇ ਮੱਦੇਨਜ਼ਰ ਆਪ ਦੇ ਉਮੀਦਵਾਰ ਨੂੰ ਵੋਟ ਦੀ ਚੋਟ ਦੇ ਕੇ ਗੁਰੂ ਨਗਰੀ ਦੇ ਵਸਨੀਕ ਜ਼ਰੂਰ ਪੁਗਾ ਦੇਣਗੇ ਤੇ ਬੜੇ ਅਦਬ ਨਾਲ ਘਰਾਂ ਨੂੰ ਵਾਪਸ ਭੇਜਣਗੇ।

# ਭਾਈ ਸੰਦੀਪ ਸਿੰਘ ਸੰਨੀ ਦੀ ਪੇਸ਼ੀ 'ਤੇ ਕਚਹਿਰੀ 'ਚ ਸਿੰਘਾਂ ਅਤੇ ਸ਼ਿਵ ਸੈਨਿਕਾਂ 'ਚ ਟਕਰਾਅ ਹੋਣੋਂ ਟਲਿਆ

## ਸੂਰੀ ਦੇ ਮੁੰਡੇ ਨੇ ਬੋਲੀ ਭੱਦੀ ਸ਼ਬਦਾਵਲੀ, ਸਿੰਘਾਂ ਨੇ ਲਾਏ ਖ਼ਾਲਿਸਤਾਨ ਦੇ ਨਾਅਰੇ •ਮਾਹੌਲ ਖਰਾਬ ਕਰਨ ਵਾਲੇ ਸ਼ਿਵ ਸੈਨਿਕਾਂ ਨੂੰ ਨੱਥ ਪਾਵੇ ਸਰਕਾਰ : ਪੰਥਕ ਆਗੂ



ਅੰਮ੍ਰਿਤਸਰ, 26 ਅਪ੍ਰੈਲ ( ਆਵਾਜ਼ਿ ਕੌਮ ਬਿਊਰੋ): ਸ਼ਿਵ ਸੈਨਾ ਦੇ ਪ੍ਰਧਾਨ ਸੁਧੀਰ ਸੂਰੀ ਨੂੰ ਸੋਧਣ ਵਾਲੇ ਕੌਮੀ ਯੋਧੇ ਭਾਈ ਸੰਦੀਪ ਸਿੰਘ ਸੰਨੀ ਦੀ ਅੱਜ ਅੰਮ੍ਰਿਤਸਰ ਕਚਹਿਰੀ ਵਿੱਚ ਤਰੀਕ 'ਤੇ ਪੰਥਕ ਜਥੇਬੰਦੀਆਂ ਅਤੇ ਸ਼ਿਵ ਸੈਨਿਕਾਂ 'ਚ ਉਸ ਸਮੇਂ ਤਕਰਾਰ ਪੈਦਾ ਹੋ ਗਿਆ ਜਦ ਸੁਧੀਰ ਸੂਰੀ ਦਾ ਪਰਿਵਾਰ ਕਚਹਿਰੀ ਦੇ ਬਾਹਰ ਸੜਕ 'ਤੇ ਬੈਠਣ ਦਾ ਡਰਾਮਾ ਕਰਨ ਲੱਗਾ, ਮੌਕੇ 'ਤੇ ਹਾਜ਼ਰ ਵੱਡੀ ਗਿਣਤੀ 'ਚ ਪੁਲਿਸ ਪ੍ਰਸ਼ਾਸਨ ਨੇ ਉਹਨਾਂ ਨੂੰ ਤੁਰੰਤ ਓਥੋਂ ਹਟਾਉਣ ਲਈ ਜੱਦੋ-ਜਹਿਦ ਕੀਤੀ। ਪਰ ਜਦੋਂ ਵਾਪਸੀ 'ਤੇ ਸਿੰਘ ਓਥੋਂ ਲੰਘਣ ਲੱਗੇ ਤਾਂ ਸੁਧੀਰ ਸੂਰੀ ਦੇ ਮੁੰਡੇ ਨੇ ਖ਼ਾਲਿਸਤਾਨ ਦੇ ਖ਼ਿਲਾਫ਼ ਅਤੇ ਸਿੰਘਾਂ ਵਿਰੁੱਧ ਭੱਦੀ ਸ਼ਬਦਾਵਲੀ ਵਰਤੀ, ਜਿਸ ਉਪਰੰਤ ਜੋਸ਼ ਵਿੱਚ ਆ ਕੇ ਪੰਥਕ ਜਥੇਬੰਦੀਆਂ ਦੇ ਆਗੂਆਂ ਨੇ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲੇ ਜ਼ਿੰਦਾਬਾਦ ਅਤੇ ਖ਼ਾਲਿਸਤਾਨ ਜ਼ਿੰਦਾਬਾਦ ਦੇ ਨਾਹਰੇ ਲਾਉਣੇ ਸ਼ੁਰੂ ਕਰ ਦਿੱਤੇ ਤੇ ਫਿਰ ਦੋਵਾਂ ਧਿਰਾਂ ਨੇ ਇੱਕ ਦੂਜੇ ਨੂੰ ਲਲਕਾਰਿਆ, ਪਰ ਪੁਲਿਸ ਦੀ ਮੁਸਤੈਦੀ ਨਾਲ ਇਹ ਟਕਰਾਅ ਹੋਣੋਂ ਬਚ ਗਿਆ। ਜਦ ਪੰਥਕ ਜਥੇਬੰਦੀਆਂ ਦੇ ਆਗੂ ਸਵੇਰੇ ਕਚਹਿਰੀ 'ਚ ਭਾਈ ਸੰਦੀਪ ਸਿੰਘ ਸੰਨੀ ਦੇ ਪਰਿਵਾਰ ਨਾਲ ਇਕੱਠੇ ਹੋਏ ਤਾਂ ਪੁਲਿਸ ਅਫ਼ਸਰਾਂ ਨੇ ਪੰਥਕ ਜਥੇਬੰਦੀਆਂ ਦੇ ਆਗੂਆਂ ਨੂੰ ਅੰਦਰ ਜਾਣ ਤੋਂ ਰੋਕ ਲਿਆ, ਪੁਲਿਸ ਅਫ਼ਸਰ ਖ਼ੁਦ ਹੀ ਸੰਨੀ ਦੇ ਦੋਵੇਂ ਭਰਾਵਾਂ ਨੂੰ ਅੰਦਰ ਤਰੀਕ 'ਤੇ ਲੈ ਕੇ ਗਏ ਤੇ ਵਾਪਸੀ 'ਤੇ ਸੂਰੀ ਦੇ ਪਰਿਵਾਰ ਦੇ ਗ਼ਲਤ ਵਿਹਾਰ ਕਰਕੇ ਗੜਬੜ ਪੈਦਾ ਹੋ ਗਈ। ਪੰਥਕ ਜਥੇਬੰਦੀਆਂ ਦੇ ਆਗੂਆਂ ਨੇ ਦੋਸ਼ ਲਾਇਆ ਕਿ ਸੁਧੀਰ ਸੂਰੀ ਦਾ ਪਰਿਵਾਰ ਅਤੇ ਸਮਰਥਕ ਹਰ ਵਾਰ ਮਾਹੌਲ ਖ਼ਰਾਬ ਕਰਦੇ ਹਨ ਤੇ ਇਸ ਵਾਰ ਵੀ ਉਹਨਾਂ ਨੇ ਸਿੰਘਾਂ ਨੂੰ ਲਲਕਾਰਿਆ ਸੀ। ਉਹਨਾਂ ਕਿਹਾ ਕਿ ਪਿਛਲੀ ਵਾਰ ਵੀ ਭਾਈ ਸੰਦੀਪ ਸਿੰਘ ਸੰਨੀ ਦੇ ਦੋਵਾਂ ਭਰਾਵਾਂ ਨੂੰ ਸੂਰੀ ਦੇ ਸਮਰਥਕਾਂ ਨੇ ਧਮਕਾਇਆ ਸੀ। ਅੱਜ ਅਸੀਂ ਜਦੋਂ ਕਚਹਿਰੀ 'ਚੋਂ ਬਾਹਰ ਨਿਕਲ ਰਹੇ ਸੀ ਤਾਂ ਸੂਰੀ ਸਮਰਥਕਾਂ ਨੇ ਸਾਨੂੰ ਵੇਖ ਕੇ ਬਕਵਾਸ ਕਰਨੀ ਸ਼ੁਰੂ ਕਰ ਦਿੱਤੀ। ਉਹਨਾਂ ਕਿਹਾ ਕਿ ਪਹਿਲਾਂ ਸੁਧੀਰ ਸੂਰੀ ਨੇ ਵੀ ਸਿੱਖੀ ਅਤੇ ਸਿੱਖਾਂ ਖ਼ਿਲਾਫ਼ ਬਕਵਾਸ ਕਰਕੇ ਆਪਣੀ ਮੌਤ ਨੂੰ ਖ਼ੁਦ ਸਹੇੜਿਆ ਸੀ। ਉਹਨਾਂ ਕਿਹਾ ਕਿ ਪੁਲਿਸ ਪ੍ਰਸ਼ਾਸਨ ਦਾ ਫ਼ਰਜ਼ ਬਣਦਾ ਹੈ ਕਿ ਸੁਧੀਰ ਸੂਰੀ ਦੇ ਪਰਿਵਾਰਕ ਮੈਂਬਰਾਂ ਅਤੇ ਸਮਰਥਕਾਂ ਨੂੰ ਨੱਥ ਪਾਈ ਜਾਵੇ। ਇਸ ਮੌਕੇ ਸੰਦੀਪ ਸਿੰਘ ਸੰਨੀ ਦੇ ਦੋਵੇਂ ਭਰਾ ਹਰਦੀਪ ਸਿੰਘ, ਮਨਦੀਪ ਸਿੰਘ, ਭਾਈ ਤੇਜਬੀਰ ਸਿੰਘ ਦਮਦਮੀ ਟਕਸਾਲ ਅਜਨਾਲਾ, ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਪ੍ਰਧਾਨ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ, ਭਾਈ ਦਿਲਬਾਗ ਸਿੰਘ ਸੁਲਤਾਨਵਿੰਡ ਪ੍ਰਧਾਨ ਜਥਾ ਸਿਰਲੱਥ ਖਾਲਸਾ, ਭਾਈ ਭੁਪਿੰਦਰ ਸਿੰਘ ਛੇ ਜੂਨ, ਭਾਈ ਪੰਜਾਬ ਸਿੰਘ ਸੁਲਤਾਨਵਿੰਡ ਨਿਹੰਗ ਮੁਖੀ ਤਰਨਾ ਦਲ ਪੰਜ ਹੱਥਾ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਜਨਰਲ ਸਕੱਤਰ ਭਾਈ ਉਪਕਾਰ ਸਿੰਘ ਸੰਧੂ, ਭਾਈ ਸ਼ਮਸ਼ੇਰ ਸਿੰਘ ਪੱਧਰੀ, ਭਾਈ ਜਤਿੰਦਰ ਸਿੰਘ ਹੈਪੀ ਨਿਹੰਗ, ਕੁਲਦੀਪ ਸਿੰਘ ਧਾਰੜ ਤੇ ਹੋਰ ਹਾਜ਼ਰ ਸਨ।







# ਸ਼ੋਕ ਸੁਨੇਹਾ

25/04/2024

## ਅਮਨਦੀਪ ਕੌਰ ਸਰਨਾ



ਆਵਾਜ਼ਿ ਕੌਮ AWAZE QAUM International Newspaper & WEB TV

ਲਿਖਦੇ ਹੋਏ ਵੀ ਹੱਥ ਕੰਬ ਰਹੇ ਹਨ, ਅਮਨਦੀਪ ਕੌਰ ਸਰਨਾ ਜੀ ਜੋ ਕਿ ਸਾਡੇ ਮੰਚ ਦੇ ਲੁਧਿਆਣਾ ਸ਼ਹਿਰ ਦੇ ਪ੍ਰਧਾਨ ਸਨ ਸੜਕ ਹਾਦਸੇ ਵਿੱਚ ਅੱਜ ਸਾਨੂੰ ਸਦੀਵੀ ਵਿਛੋੜਾ ਦੇ ਗਏ

ਪੀਂਘਾਂ ਸੋਚ ਦੀਆਂ ਮੰਚ

ਸਾਹਿਤ ਮੰਚ, ਪਬਲੀਕੇਸ਼ਨ, ਮੈਗਜ਼ੀਨ, ਸੰਪਰਕ +91-9888697078

# ਇੱਕ ਨਜ਼ਰ



## ਗੁਰੂ ਕਾਸ਼ੀ ਯੂਨੀਵਰਸਿਟੀ ਵਿਖੇ ਡਾ. ਜਗਤਾਰ ਸਿੰਘ ਧੀਮਾਨ ਦੀ ਕਿਤਾਬ 'ਦਿ ਫਲੋ ਆਫ ਲਾਈਫ-ਏ ਡਿਲੀਬਰੇਸ਼ਨ' ਰਿਲੀਜ਼

ਤਲਵੰਡੀ ਸਾਬੋ, 26 ਅਪ੍ਰੈਲ (ਗੁਰਜੰਟ ਸਿੰਘ ਨਥੇਹਾ)- ਉੱਘੇ ਲੇਖਕ ਡਾ. ਜਗਤਾਰ ਸਿੰਘ ਧੀਮਾਨ, ਪ੍ਰੋ. ਵਾਈਸ ਚਾਂਸਲਰ ਦੁਆਰਾ ਰਚਿਤ ਇੱਕ ਸਚਿੱਤਰ ਅਤੇ ਪ੍ਰੇਰਨਾਦਾਇਕ ਪੁਸਤਕ "ਦਿ ਫਲੋ ਆਫ ਲਾਈਫ-ਏ ਡਿਲੀਬਰੇਸ਼ਨ"" ਦਾ ਪਰਦਾਫਾਸ਼ ਸ.ਸੁਖਰਾਜ ਸਿੰਘ ਸਿੱਧੂ, ਮੈਨੇਜਿੰਗ ਡਾਇਰੈਕਟਰ ਪ੍ਰੋ.(ਡਾ.) ਐਸ.ਕੇ. ਬਾਵਾ, ਵਾਈਸ-ਚਾਂਸਲਰ, ਸ.ਸਰਦੂਲ ਸਿੰਘ ਸਿੱਧੂ, ਡਾਇਰੈਕਟਰ ਵਿਦਿਆਰਥੀ ਭਲਾਈ ਅਤੇ ਯੂਨੀਵਰਸਿਟੀ ਦੀਆਂ ਹੋਰ ਪ੍ਰਮੁੱਖ ਸ਼ਖਸੀਅਤਾਂ। ਸਾਰੀਆਂ ਪੀੜ੍ਹੀਆਂ ਦੇ ਪਾਠਕਾਂ ਨਾਲ ਤਾਲਮੇਲ ਰੱਖਣ ਵਾਲੀ ਇੱਕ ਪ੍ਰਭਾਵਸ਼ਾਲੀ ਬਿਰਤਾਂਤ ਵਿੱਚ, ਸ. ਸੁਖਰਾਜ ਸਿੰਘ ਸਿੱਧੂ ਨੇ ਭਾਵਨਾ ਪ੍ਰਗਟ ਕੀਤੀ ਕਿ ਇਹ ਸੰਖੇਪ ਪਰ ਸ਼ਕਤੀਸ਼ਾਲੀ ਕਿਤਾਬ ਅਟੁੱਟ ਆਤਮ-ਵਿਸ਼ਵਾਸ ਅਤੇ ਦ੍ਰਿੜ ਇਰਾਦੇ ਦੇ ਤੱਤ ਨਾਲ ਜੀਵਨ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਦਾ ਅਨਮੋਲ ਸਬਕ ਸਿਖਾਉਂਦੀ ਹੈ। ਸਮਾਗਮ ਦੌਰਾਨ ਡਾ. ਬਾਵਾ ਨੇ ਟਿੱਪਣੀ ਕੀਤੀ ਕਿ ਇਹ ਸਾਹਿਤਕ ਰਚਨਾ ਦ੍ਰਿੜ ਇਰਾਦੇ ਵਾਲੇ ਵਿਅਕਤੀਆਂ ਲਈ ਇੱਕ ਰੋਸ਼ਨੀ ਦਾ ਕੰਮ ਕਰਦੀ ਹੈ, ਉਨ੍ਹਾਂ ਨੂੰ ਆਪਣੇ ਨਿੱਜੀ ਸਫ਼ਰ ਵਿੱਚ ਅੱਗੇ ਵਧਣ ਦੀ ਤਾਕੀਦ ਕਰਦੀ ਹੈ। ਉਸਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਕਿਤਾਬ ਜੀਵਨ ਦੀ ਸਿਆਣਪ ਨੂੰ ਸ਼ਾਮਲ ਕਰਦੀ ਹੈ, ਵਿਅਕਤੀਆਂ ਨੂੰ ਉਨ੍ਹਾਂ ਦੀ ਅੰਦਰੂਨੀ ਤਾਕਤ ਨੂੰ ਪ੍ਰਾਪਤ ਕਰਨ ਅਤੇ ਇੱਕ ਪਰਿਵਰਤਨਸ਼ੀਲ ਮਾਰਗ 'ਤੇ ਚੱਲਣ ਲਈ ਸ਼ਕਤੀ ਪ੍ਰਦਾਨ ਕਰਦੀ ਹੈ। ਡਾ. ਧੀਮਾਨ ਨੇ ਜੀਵਨ ਦੀਆਂ ਸਦਾ ਚਲਦੀਆਂ ਧਾਰਾਵਾਂ ਤੋਂ ਪ੍ਰੇਰਨਾ ਲੈਣ ਦੇ ਮਹੱਤਵ ਨੂੰ ਉਜਾਗਰ ਕੀਤਾ, ਜੀਵਨ ਨੂੰ ਆਪਣੀ ਪੂਰੀ ਸਮਰੱਥਾ ਅਨੁਸਾਰ ਜਿਉਣ ਦੀ ਵਕਾਲਤ ਕੀਤੀ-ਇੱਕ ਯਾਤਰਾ ਜਿਸ ਵਿੱਚ ਲਗਨ, ਆਤਮਵਿਸ਼ਵਾਸ ਅਤੇ ਪੂਰਤੀ ਹੁੰਦੀ ਹੈ। ਉਸਨੇ ਸਫਲਤਾ ਨੂੰ ਅੱਗੇ ਵਧਾਉਣ ਅਤੇ ਸ਼ਾਂਤੀ ਅਤੇ ਸਦਭਾਵਨਾ ਦੁਆਰਾ ਪਰਿਭਾਸ਼ਿਤ ਸੰਸਾਰ ਵੱਲ ਆਪਣੇ ਆਪ ਨੂੰ ਉੱਚਾ ਚੁੱਕਣ ਲਈ ਨਰਮ ਹੁਨਰਾਂ ਨੂੰ ਪਾਲਣ ਦੀ ਮਹੱਤਤਾ ਨੂੰ ਰੇਖਾਂਕਿਤ ਕੀਤਾ, ਅੰਤ ਵਿੱਚ ਪੂਰਤੀ ਦੀ ਭਾਵਨਾ ਪ੍ਰਾਪਤ ਕੀਤੀ।

ਆਵਾਜ਼ਿ ਕੌਮ AWAZE QAUM International Newspaper & WEB TV

## ਵਿਸ਼ਵ ਇਮੁਨਾਈਜੇਸ਼ਨ ਵੀਕ ਦੌਰਾਨ ਕਰਵਾਏ ਕਵਿੱਜ ਕੰਪੀਟੀਸ਼ਨ ਅਤੇ ਪੋਸਟਰ ਮੇਕਿੰਗ ਕੰਪੀਟੀਸ਼ਨ



. ਚੌਕ ਮਹਿਤਾ, 26 ਅਪ੍ਰੈਲ (ਬਾਬਾ ਸੁਖਵੰਤ ਸਿੰਘ ਚੰਨਣਕੇ)- ਸਿਵਲ ਸਰਜਨ ਤਰਨਤਾਰਨ ਡਾ ਕਮਲਪਾਲ ਜੀ ਦੀ ਪ੍ਰਧਾਨਗੀ ਹੇਠਾਂ, ਜਿਲ੍ਹਾ ਟੀਕਾਕਰਣ ਅਫਸਰ ਡਾ ਵਰਿੰਦਰ ਪਾਲ ਕੌਰ ਵਲੋਂ "ਵਿਸ਼ਵ ਇਮੁਨਾਈਜੇਸ਼ਨ ਵੀਕ" ਦੌਰਾਣ ਦਫਤਰ ਸਿਵਲ ਸਰਜਨ ਵਿਖੇ ਵੱਖ-ਵੱਖ ਨਰਸਿੰਗ ਕਾਲਜਾਂ ਦੇ ਵਿਦਿਆਰਥੀਆਂ ਵਿਚਕਾਰ ਕਵਿੱਜ ਕੰਪੀਟੀਸ਼ਨ ਅਤੇ ਪੋਸਟਰ ਮੇਕਿੰਗ ਕੰਪੀਟੀਸ਼ਨ ਕਰਵਾਏ ਗਏ। ਇਹਨਾਂ ਕੰਪੀਟਿਸ਼ਨਾਂ ਵਿਚ ਮਾਈ ਭਾਗੋ ਨਰਸਿੰਗ ਕਾਲਜ, ਸ਼ਿਵਾਲਿਕ ਐਕਸੀਲੇਂਸ ਇੰਸੀਚੁਟ ਆਫ ਨਰਸਿੰਗ ਅਤੇ ਬਾਬਾ ਫਰੀਦ ਯੁਨੀਵਰਸਿਟੀ ਰਿਜਨਲ ਸੈਂਟਰ ਦੇ ਸਿਖਿਆਰਥੀਆਂ ਨੇ ਭਾਗ ਲਿਆ। ਇਸ ਅਵਸਰ ਤੇ ਜਿਲ੍ਹਾ ਟੀਕਾਕਰਣ ਅਫਸਰ ਡਾ ਵਰਿੰਦਰਪਾਲ ਕੌਰ ਨੇ ਕਿਹਾ ਕਿ ਵਿਸ਼ਵ ਟੀਕਾਕਰਣ ਹਫਤਾ ਪੂਰੇ ਵਿਸ਼ਵ ਭਰ ਵਿਚ ਮਿਤੀ 24 ਅਪ੍ਰੈਲ ਤੋਂ ਲੈਕੇ ਮਿਤੀ 30 ਅਪ੍ਰੈਲ ਤੱਕ ਮਨਾਇਆ ਜਾ ਰਿਹਾ ਹੈ। ਇਸ ਹਫਤੇ ਦੌਰਾਣ ਜਿਲ੍ਹੇ ਭਰ ਦੇ ਸਿਹਤ ਕੇਂਦਰਾਂ ਵਿੱਚ ਸਾਰੇ ਮੈਡੀਕਲ ਅਤੇ ਪੈਰਾ ਮੈਡੀਕਲ ਸਟਾਫ ਵਲੋਂ ਆਮ ਜਨਤਾ ਨੂੰ ਟੀਕਾਕਰਣ ਮੱਹਤਤਾ ਬਾਰੇ ਜਾਗਰੂਕ ਕੀਤਾ ਜਾਵੇਗਾ ਅਤੇ ਆਉਟਰੀਚ ਇਲਾਕੇ ਜਿਵੇਂ ਝੁੱਗੀਆਂ, ਬਸਤੀਆਂ, ਭੱਠੇ, ਗੁੱਜਰਾਂ ਦੇ ਡੇਰੇ, ਮਾਈਗਰੇਟਰੀ ਤੇ ਸਲੂਮ ਏਰੀਏ ਵਿਚ ਟੀਕਾਕਰਣ ਕੈਂਪ ਲਗਾ ਕੇ ਬੱਚਿਆਂ ਦੀ ਵੈਕਸੀਨੇਸ਼ਨ ਪੂਰੀ ਕੀਤੀ ਜਵੇਗੀ। ਇਸ ਉਪਰੰਤ ਇਸਦਾ ਪੂਰਾ ਰਿਕਾਰਡ ਯੂ ਵਿਨ ਐਪ ਤੇ ਅੱਪ ਲੋਡ ਕੀਤਾ ਜਾਵੇਗਾ, ਜਿਸ ਨਾਲ ਹਰੇਕ ਬੱਚੇ ਟੀਕਾਕਰਣ ਦਾ ਰਿਕਾਰਡ ਕਿਸੇ ਵੀ ਜਗ੍ਹਾ ਤੇ ਇੰਟਰਨੈਟ ਦੀ ਮਦਦ ਨਾਲ ਹਾਸਿਲ ਕੀਤਾ ਜਾ ਸਕੇਗਾ, ਜਿਸ ਨਾਲ ਟੀਕਾਕਰਣ ਵਿਚ ਆਸਾਨੀ ਹੋ ਸਕੇਗੀ। ਇਸ ਉਪੰਰਤ ਜੇਤੂ ਸਿਖਿਆਰਥੀਆਂ ਨੂੰ ਇਨਾਮ ਵੀ ਦਿੱਤੇ ਗਏ। ਇਸ ਮੌਕੇ ਸਹਾਇਕ ਸਿਵਲ ਸਰਜਨ ਡਾ ਦੇਵੀ ਬਾਲਾ, ਜਿਲ੍ਹਾ ਪਰਿਵਾਰ ਭਲਾਈ ਅਫਸਰ ਡਾ ਆਸ਼ੀਸ਼ ਗੁਪਤਾ, ਜਿਲ੍ਹਾ ਸਿਹਤ ਅਫਸਰ ਡਾ ਸੁਖਬੀਰ ਕੌਰ, ਜਿਲ੍ਹਾ ਐਪੀਡਿਮਲਿਜਿਸਟ ਡਾ ਸਿਮਰਨ ਕੌਰ, ਡਾ ਅਮਨਦੀਪ ਸਿੰਘ, ਜਿਲ੍ਹਾ ਐਮ.ਈ.ਆਈ.ਓ. ਅਮਰਦੀਪ ਸਿੰਘ ਅਤੇ ਸਮੂਹ ਸਟਾਫ ਮੈਂਬਰ ਹਾਜਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਹਰਿਆਣਾ ਕਮੇਟੀ 2 ਮਈ ਨੂੰ ਸਿਰਸਾ ਵਿਖੇ ਖੋਲੇਗੀ ਧਰਮ ਪ੍ਰਚਾਰ ਸਬ ਦਫਤਰ: ਜਥੇਦਾਰ ਦਾਦੂਵਾਲ

**ਜਥੇਦਾਰ ਦਾਦੂਵਾਲ ਨੇ ਕਿਹਾ ਕਿ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰੂਘਰਾਂ ਦੇ ਸੁਚੱਜੇ ਪ੍ਰਬੰਧ, ਧਰਮ ਪ੍ਰਚਾਰ, ਸਿਹਤ ਅਤੇ ਸਿੱਖਿਆ ਵਾਲੇ ਪਾਸੇ ਵਿਸ਼ੇਸ਼ ਪ੍ਰੋਗਰਾਮ ਉਲੀਕ ਕੇ ਤੇਜੀ ਨਾਲ ਕੰਮ ਕਰ ਰਹੀ ਹੈ**





ਤਲਵੰਡੀ ਸਾਬੋ, ਸਿਰਸਾ, 26 ਅਪ੍ਰੈਲ (ਗੁਰਜੰਟ ਸਿੰਘ ਨਥੇਹਾ)- ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਧਰਮ ਪ੍ਰਚਾਰ ਦੀ ਲਹਿਰ ਨੂੰ ਹੋਰ ਤੇਜ਼ ਕਰਨ ਵਾਸਤੇ ਧਰਮ ਪ੍ਰਚਾਰ ਦਾ ਸਬ ਦਫਤਰ ਗੁਰਦੁਆਰਾ ਸਾਹਿਬ ਪਾਤਸ਼ਾਹੀ ਦਸਵੀਂ ਸਿਰਸਾ ਵਿਖੇ ਦੋ ਮਈ ਨੂੰ ਖੋਲਣ ਜਾ ਰਹੀ ਹੈ ਪੰਥ ਪ੍ਰਸਿੱਧ ਸਿੱਖ ਪ੍ਰਚਾਰਕ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਚੇਅਰਮੈਨ ਧਰਮ ਪ੍ਰਚਾਰ ਨੇ ਸਭ ਦਫਤਰ ਲਈ ਜਗਾ ਦਾ ਨਿਰੀਖਣ ਕਰਨ ਉਪਰੰਤ ਚੋਣਵੇਂ ਪੱਤਰਕਾਰਾਂ ਨਾਲ ਕੀਤਾ। ਜਥੇਦਾਰ ਦਾਦੂਵਾਲ ਨੇ ਕਿਹਾ ਕਿ ਇਸ ਸਬ ਦਫਤਰ ਦੇ ਵਿੱਚ ਇੰਚਾਰਜ ਤੋਂ ਇਲਾਵਾ ਕਥਾਵਾਚਕ ਰਾਗੀ, ਢਾਡੀ, ਪ੍ਰਚਾਰਕ, ਕਵੀਸਰ ਸਿੰਘ ਹਾਜ਼ਰ ਰਹਿਣਗੇ ਜੋ ਇਸ ਇਲਾਕੇ ਤੇ ਦੂਰ ਦੁਰਾਡੇ ਦੇ ਪਿੰਡਾਂ ਤੱਕ ਗੁਰਬਾਣੀ ਸਿੱਖ ਇਤਿਹਾਸ ਦਾ ਪ੍ਰਚਾਰ ਕਰਨਗੇ ਜਿਸ ਨਾਲ ਧਰਮ ਤੋਂ ਦੂਰ ਜਾ ਚੁੱਕੇ ਸਿੱਖ ਪਰਿਵਾਰ, ਨਸ਼ਿਆਂ ਦੀ ਗ੍ਰਿਫਤ ਵਿੱਚ ਆ ਚੁੱਕੇ ਨੌਜਵਾਨਾਂ ਨੂੰ ਨਸ਼ਿਆਂ ਪਤਿਤਪੁਣੇ ਤੋਂ ਰਹਿਤ ਕਰਕੇ ਗੁਰੂ ਨਾਲ ਜੋੜਨ ਦੇ ਵੱਡੇ ਉਪਰਾਲੇ ਕੀਤੇ ਜਾਣਗੇ। ਜਥੇਦਾਰ ਦਾਦੂਵਾਲ ਨੇ ਕਿਹਾ ਕਿ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰੂਘਰਾਂ ਦੇ ਸੁਚੱਜੇ ਪ੍ਰਬੰਧ, ਧਰਮ ਪ੍ਰਚਾਰ, ਸਿਹਤ ਅਤੇ ਸਿੱਖਿਆ ਵਾਲੇ ਪਾਸੇ ਵਿਸ਼ੇਸ਼ ਪ੍ਰੋਗਰਾਮ ਉਲੀਕ ਕੇ ਤੇਜੀ ਨਾਲ ਕੰਮ ਕਰ ਰਹੀ ਹੈ ਜਿਸ ਦਾ ਸੰਗਤਾਂ ਪੂਰਾ ਲਾਭ ਉਠਾ ਰਹੀਆਂ ਹਨ ਪਿਛਲੇ ਦਿਨੀ ਆਪਣੇ ਕਪਾਲ ਮੋਚਨ, ਤਿਲੋਕੇਵਾਲਾ, ਕੈਂਥਲ ਸਕੂਲਾਂ ਵਿੱਚ ਅੰਮ੍ਰਿਤਧਾਰੀ ਸਿੱਖ ਬੱਚਿਆਂ ਦੀ ਪੜਾਈ ਮੁਫ਼ਤ ਕਰ ਦਿੱਤੀ ਹੈ ਅਤੇ ਆਪਣੇ ਕਾਲਜਾਂ ਵਿੱਚ ਅੰਮ੍ਰਿਤਧਾਰੀ ਸਿੱਖ ਬੱਚਿਆਂ ਨੂੰ ਵਜ਼ੀਫੇ ਦਿੱਤੇ ਜਾ ਰਹੇ ਹਨ ਜੋ ਕੇਵਲ ਐਲਾਨ ਨਹੀਂ ਉਹਨਾਂ ਨੂੰ ਅਮਲੀ ਜਾਮਾ ਪਹਿਨਾਇਆ ਜਾ ਰਿਹਾ ਹੈ। ਜਿਸ ਤਰਾਂ ਪੰਜੋਖਰਾ ਸਾਹਿਬ ਖਾਲਸਾ ਕਾਲਜ ਵਿੱਚ ਬੱਚਿਆਂ ਨੂੰ 24 ਅਪ੍ਰੈਲ ਨੂੰ ਵਜ਼ੀਫੇ ਦਿੱਤੇ ਜਾ ਚੁੱਕੇ ਹਨ ਅਤੇ ਨੀਸਿੰਗ ਕਾਲਜ ਦੀ ਵੀ ਲਿਸਟ ਪੁੱਜ ਚੁੱਕੀ ਹੈ ਜੋ ਆਉਣ ਵਾਲੇ ਦਿਨਾਂ ਵਿੱਚ ਵਜ਼ੀਫੇ ਦਿੱਤੇ ਜਾਣਗੇ। ਜਥੇਦਾਰ ਦਾਦੂਵਾਲ ਜੀ ਨੇ ਕਿਹਾ ਕਿ ਗੁਰੂ ਕੀ ਗੋਲਕ ਦਾ ਪੈਸਾ ਸਿੱਖ ਧਰਮ ਦੇ ਪ੍ਰਚਾਰ, ਗੁਰੂਘਰਾਂ ਦੇ ਸੁਚੱਜੇ ਪ੍ਰਬੰਧ, ਸਿਹਤ, ਸਪੋਰਟਸ ਅਤੇ ਸਿੱਖਿਆ ਤੇ ਖਰਚ ਕੀਤਾ ਜਾ ਰਿਹਾ ਹੈ। ਜਥੇਦਾਰ ਦਾਦੂਵਾਲ ਜੀ ਨੇ ਦੱਸਿਆ ਕਿ 2 ਮਈ ਨੂੰ ਗੁਰਦੁਆਰਾ ਸਾਹਿਬ ਪਾਤਸ਼ਾਹੀ ਦਸਵੀਂ ਸਿਰਸਾ ਵਿਖੇ ਜੋ ਹਰਿਆਣਾ ਕਮੇਟੀ ਦੇ ਪ੍ਰਬੰਧ ਹੇਠ ਚੱਲ ਰਿਹਾ ਹੈ ਧਰਮ ਪ੍ਰਚਾਰ ਸਬ ਦਫ਼ਤਰ ਦੀ ਸ਼ੁਰੂਆਤ ਕਰਨ ਵਾਸਤੇ ਹਰਿਆਣਾ ਕਮੇਟੀ ਦੇ ਪ੍ਰਧਾਨ ਜਥੇਦਾਰ ਭੁਪਿੰਦਰ ਸਿੰਘ ਅਸੰਧ, ਸ. ਸੁਦਰਸ਼ਨ ਸਿੰਘ ਅੰਬਾਲਾ ਸੀਨੀਅਰ ਮੀਤ ਪ੍ਰਧਾਨ, ਬੀਬੀ ਰਵਿੰਦਰ ਕੌਰ ਅਜਰਾਣਾ ਜੂਨੀਅਰ ਮੀਤ ਪ੍ਰਧਾਨ, ਸ. ਸੁਖਵਿੰਦਰ ਸਿੰਘ ਮੰਡੇਬਰ ਜਨਰਲ ਸਕੱਤਰ, ਸ. ਗੁਲਾਬ ਸਿੰਘ ਮੂਨਕ ਮੀਤ ਸਕੱਤਰ, ਸ. ਬਲਦੇਵ ਸਿੰਘ ਖਾਲਸਾ ਟੋਹਾਣਾ, ਸ. ਤਰਵਿੰਦਰਪਾਲ ਸਿੰਘ ਅੰਬਾਲਾ, ਸ. ਤਜਿੰਦਰਪਾਲ ਸਿੰਘ ਨਾਰਨੌਲ, ਸ. ਸੁਦਰਸ਼ਨ ਸਿੰਘ ਭਿਵਾਨੀ, ਸ. ਜਗਸੀਰ ਸਿੰਘ ਮਾਂਗੇਆਣਾ ਸਾਰੇ ਅੰਤ੍ਰਿੰਗ ਮੈਂਬਰ, ਸ. ਗੁਰਵਿੰਦਰ ਸਿੰਘ ਕਰਨਾਲ ਸਲਾਹਕਾਰ, ਸ. ਕੰਵਲਜੀਤ ਸਿੰਘ ਅਜਰਾਣਾ ਅਤੇ ਜਰਨਲ ਹਾਊਸ ਦੇ ਕਈ ਸਤਿਕਾਰਯੋਗ ਮੈਂਬਰ ਸਾਹਿਬਾਨ ਵੀ ਪੁੱਜ ਰਹੇ ਹਨ। ਅੱਜ ਪ੍ਰੈਸ ਕਾਨਫਰਸ ਵਿੱਚ ਜਥੇਦਾਰ ਦਾਦੂਵਾਲ ਜੀ ਦੇ ਨਾਲ ਹਰਿਆਣਾ ਕਮੇਟੀ ਦੇ ਮੈਂਬਰ ਪ੍ਰਕਾਸ਼ ਸਿੰਘ ਸਾਹੂਵਾਲਾ ਸਿਰਸਾ, ਮੈਂਬਰ ਮਾਲਕ ਸਿੰਘ ਭਾਵਦੀਨ ਅਤੇ ਰਾਗੀ ਗੁਰਸੇਵਕ ਸਿੰਘ ਰੰਗੀਲਾ, ਖੜਕ ਸਿੰਘ ਕੁਲਰੀਆਂ, ਸਹਾਇਕ ਜਗਮੀਤ ਸਿੰਘ ਬਰਾੜ, ਮੱਖਣ ਸਿੰਘ ਮੱਲਵਾਲਾ, ਮੈਨੇਜਰ ਰਜਿੰਦਰ ਸਿੰਘ ਰਾਣਾ, ਇੰਸਪੈਕਟਰ ਰਜਿੰਦਰ ਸਿੰਘ ਕੁਰੁਕਸ਼ੇਤਰ ਵੀ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

### ਕਾਂਗਰਸ ਪਾਰਟੀ ਦੀ ਮਜਬੂਤੀ ਲਈ ਹਮੇਸ਼ਾ ਚਟਾਨ ਵਾਂਗ ਖੜੇ ਹਾਂ: ਮੋਫਰ

# ਬਠਿੰਡਾ ਲੋਕ ਸਭਾ ਤੋਂ ਉਮੀਦਵਾਰ ਸਿੱਧੂ ਨੇ ਮੋਫਰ ਗ੍ਰਹਿ ਵਿਖੇ ਕੀਤਾ ਚੋਣ ਮੁਹਿੰਮ ਦਾ ਆਗਾਜ਼



ਤਲਵੰਡੀ ਸਾਬੋ/ਸਰਦੂਲਗੜ੍ਹ, 26 ਅਪ੍ਰੈਲ (ਗੁਰਜੰਟ ਸਿੰਘ ਨਥੇਹਾ)- ਲੋਕ ਸਭਾ ਹਲਕਾ ਬਠਿੰਡਾ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਜੀਤਮਹਿੰਦਰ ਸਿੰਘ ਸਿੱਧੂ ਅੱਜ ਸਾਬਕਾ ਵਿਧਾਇਕ ਅਜੀਤ ਇੰਦਰ ਸਿੰਘ ਮੋਫ਼ਰ ਦੇ ਘਰ ਰੱਖੀ ਗਈ। ਮੀਟਿੰਗ ਵਿੱਚ ਪਹੁੰਚ ਕੇ ਹਲਕਾ ਸਰਦੂਲਗੜ੍ਹ ਤੋਂ ਚੋਣ ਮੁਹਿੰਮ ਦਾ ਆਗਾਜ਼ ਕੀਤਾ। ਕਾਂਗਰਸੀ ਵਰਕਰਾਂ ਦੀ ਮੀਟਿੰਗ ਨੇ ਰੈਲੀ ਦਾ ਰੂਪ ਧਾਰਨ ਕਰ ਲਿਆ ਮੀਟਿੰਗ ਵਿੱਚ ਹਜ਼ਾਰਾਂ ਕਾਂਗਰਸੀ ਵਰਕਰਾਂ ਨੇ ਪਹੁੰਚ ਕੇ ਜੀਤਮਹਿੰਦਰ ਸਿੰਘ ਸਿੱਧੂ ਦੇ ਵਿਚਾਰ ਸੁਣੇ। ਮੀਟਿੰਗ ਵਿੱਚ ਕਾਂਗਰਸੀ ਵਰਕਰਾਂ ਅੰਦਰ ਭਾਰੀ ਜੋਸ਼ ਵੇਖਣ ਨੂੰ ਮਿਲਿਆ। ਇਸ ਮੌਕੇ ਸਾਬਕਾ ਵਿਧਾਇਕ ਅਜੀਤ ਇੰਦਰ ਸਿੰਘ ਮੋਫ਼ਰ ਨੇ ਕਿਹਾ ਕਿ ਉਹ ਕਾਂਗਰਸ ਪਾਰਟੀ ਨਾਲ ਹਮੇਸ਼ਾ ਚਟਾਨ ਵਾਂਗ ਖੜੇ ਹਨ ਅਤੇ ਪਾਰਟੀ ਦੇ ਹਰ ਫੈਸਲੇ 'ਤੇ ਫੁੱਲ ਚੜਾਉਂਦੇ ਹਨ। ਉਹਨਾਂ ਕਿਹਾ ਕਿ ਹਲਕਾ ਸਰਦੂਲਗੜ੍ਹ ਤੋਂ ਕਾਂਗਰਸ ਉਮੀਦਵਾਰ ਜੀਤਮਹਿੰਦਰ ਸਿੱਧੂ ਨੂੰ ਵੱਡੀ ਲੀਡ ਦਵਾਉਣ ਵਿੱਚ ਦਿਨ ਰਾਤ ਇੱਕ ਕਰ ਦੇਣਗੇ। ਉਨਾਂ ਕਾਂਗਰਸੀ ਵਰਕਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪਾਰਟੀ ਦੀ ਜਿੱਤ ਲਈ ਸਾਰੇ ਵਰਕਰ ਆਪਣੀ ਆਪਣੀ ਜਗ੍ਹਾ 'ਤੇ ਤਨਦੇਹੀ ਨਾਲ ਮੋਰਚੇ ਸੰਭਾਲ ਲੈਣ। ਜਿਲਾ ਪਰਿਸ਼ਦ ਮਾਨਸਾ ਦੇ ਚੇਅਰਮੈਨ ਬਿਕਰਮ ਮੋਫਰ ਨੇ ਵੀ ਕਾਂਗਰਸੀ ਵਰਕਰਾਂ ਨੂੰ ਸੰਬੋਧਨ ਕੀਤਾ ਅਤੇ ਕਾਂਗਰਸ ਪਾਰਟੀ ਦੀ ਮਜਬੂਤੀ ਲਈ ਵਰਕਰਾਂ ਨੂੰ ਅਪੀਲ ਕੀਤੀ। ਇਸ ਮੌਕੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਜੀਤਮਹਿੰਦਰ ਸਿੰਘ ਸਿੱਧੂ ਨੇ ਕਿਹਾ ਕਿ ਉਹ ਸਾਬਕਾ ਵਿਧਾਇਕ ਅਜੀਤ ਇੰਦਰ ਸਿੰਘ ਮੋਫਰ ਦਾ ਸੀਨੀਅਰ ਤੌਰ 'ਤੇ ਬਹੁਤ ਸਤਿਕਾਰ ਕਰਦੇ ਹਨ ਅਤੇ ਉਹਨਾਂ ਦੇ ਪੁਰਾਣੇ ਸਮਿਆਂ ਤੋਂ ਮੋਫਰ ਪਰਿਵਾਰ ਨਾਲ ਸਬੰਧ ਹਨ। ਉਨਾਂ ਕਿਹਾ ਕਿ ਇੰਡੀਆ ਗਠਜੋੜ ਦੀ ਕੇਂਦਰ ਵਿੱਚ ਸਰਕਾਰ ਬਣਨ ਜਾ ਰਹੀ ਹੈ। ਕਾਂਗਰਸ ਪਾਰਟੀ ਹੀ ਦੇਸ਼ ਨੂੰ ਬਚਾ ਸਕਦੀ ਹੈ। ਕੇਂਦਰ ਦੀ ਮੋਦੀ ਸਰਕਾਰ ਅਤੇ ਉਨਾਂ ਦੀਆਂ ਭਾਈਵਾਲ ਪਾਰਟੀਆਂ ਨੇ ਦੇਸ਼ ਨੂੰ ਆਰਥਿਕ ਤੌਰ 'ਤੇ ਕਮਜ਼ੋਰ ਕੀਤਾ ਹੈ ਅਤੇ ਫਿਰਕਾਪ੍ਰਸਤੀ ਦਾ ਪੱਤਾ ਖੇਡ ਕੇ ਭਾਈ ਨੂੰ ਭਾਈ ਨਾਲ ਲੜਾਇਆ ਹੈ ਲੋਕਾਂ ਨੂੰ ਕੁੱਟਿਆ ਅਤੇ ਲੁੱਟਿਆ। ਜੀਤਮਹਿੰਦਰ ਸਿੰਘ ਸਿੱਧੂ ਨੇ ਦੋਸ਼ ਲਾਉਂਦਿਆਂ ਕਿਹਾ ਕਿ ਹਲਕੇ ਅੰਦਰ ਅਕਾਲੀ ਦਲ ਦੀ ਬੀਬਾ ਹਰਸਿਮਰਤ ਕੌਰ ਬਾਦਲ ਤਿੰਨ ਵਾਰ ਐਮਪੀ ਜਿੱਤਣ ਦੇ ਬਾਵਜੂਦ ਵੀ ਕੋਈ ਕੰਮ ਨਹੀਂ ਕਰਵਾ ਸਕੇ। ਉਨਾਂ ਵਰਕਰਾਂ ਨੂੰ ਅਪੀਲ ਕੀਤੀ ਕਿ ਦੇਸ਼ ਦੀ ਭਲਾਈ ਲਈ ਆਪਣਾ ਹਰ ਇੱਕ ਕੀਮਤੀ ਵੋਟ ਕਾਂਗਰਸ ਪਾਉਣ ਤਾਂ ਕਿ ਦੇਸ਼ ਨੂੰ ਮਜਬੂਤ ਕੀਤਾ ਜਾ ਸਕੇ। ਇਸ ਮੌਕੇ ਸੀਨੀਅਰ ਕਾਂਗਰਸੀ ਆਗੂ ਗੁਰਸ਼ਰਨ ਸਿੰਘ ਮਾਖਾ, ਸਤਪਾਲ ਵਰਮਾ, ਸਰਪੰਚ ਪੋਲੋਜੀਤ ਸਿੰਘ ਬਾਜਵਾ, ਮਹਿੰਦਰ ਸਿੰਘ ਸਾਬਕਾ ਸਰਪੰਚ ਭਮੇ ਕਲਾਂ, ਗੁਰਵਿੰਦਰ ਸਿੰਘ ਪੰਮੀ ਸਰਪੰਚ ਰਾਏਪੁਰ, ਬਲਵਿੰਦਰ ਸਿੰਘ ਸਰਪੰਚ ਚਨੇਵਾਲਾ, ਅੰਗਰੇਜ ਸਿੰਘ ਮੀਆਂ, ਬਲਜੀਤ ਸਿੰਘ ਸਾਬਕਾ ਸਰਪੰਚ ਧਿੰਗੜ, ਭਿੰਦਰ ਸਿੰਘ ਝੁਨੀਰ ਬਲਾਕ ਪ੍ਰਧਾਨ, ਰਾਮ ਕ੍ਰਿਸ਼ਨ ਜਟਾਣਾ ਸ਼ਹਿਰੀ ਪ੍ਰਧਾਨ ਸਰਦੂਲਗੜ੍ਹ, ਮਥੁਰਾ ਦਾਸ ਗਰਗ ਬਲਾਕ ਪ੍ਰਧਾਨ ਝਨੀਰ, ਬਲਵੰਤ ਸਿੰਘ ਕੋਰਵਾਲਾ, ਕੁਲਵੀਰ ਸਿੰਘ ਸਰਪੰਚ ਝੰਡਾ ਕਲਾਂ, ਲਛਮਣ ਸਿੰਘ ਦਸੌਂਦੀਆ ਹਲਕਾ ਪ੍ਰਧਾਨ ਯੂਥ ਕਾਂਗਰਸ, ਸੁਖਵਿੰਦਰ ਸਿੰਘ ਸੁਖੀ ਸੰਧੂ ਸਾਬਕਾ ਪ੍ਰਧਾਨ ਯੂਥ ਕਾਂਗਰਸ, ਸਰਦੂਲਗੜ੍ਹ ਆੜਤੀ ਐਸੋਸੀਏਸ਼ਨ ਦੇ ਸਾਬਕਾ ਪ੍ਰਧਾਨ ਸਾਹਲ ਚੌਧਰੀ, ਗੁਰਵਿੰਦਰ ਸਿੰਘ ਤਲਵੰਡੀ ਅਕਲੀਆ, ਕੁਲਦੀਪ ਸਿੰਘ ਝੇਰਿਆਂਵਾਲੀ, ਯੂਥ ਆਗੂ ਜਸਵਿੰਦਰ ਸਿੰਘ ਕੋਰਵਾਲਾ ਆਦਿ ਪਿੰਡਾਂ ਦੇ ਪੰਚ ਸਰਪੰਚ ਅਤੇ ਮੋਹਤਬਰ ਆਗੂ ਮੌਜੂਦ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਮਲੇਰੀਆ ਤੋਂ ਬਚਾਅ ਅਤੇ ਕੰਟਰੋਲ ਲਈ ਜਾਗਰੂਕ ਕਰਦਾ ਵਿਸ਼ਵ ਮਲੇਰੀਆ ਦਿਵਸ ਗੁਰੂ ਨਾਨਕ ਪਬਲਿਕ ਸਕੂਲ ਵਿਖੇ ਮਨਾਇਆ ਗਿਆ

ਨਵੀਂ ਦਿੱਲੀ 26 ਅਪ੍ਰੈਲ (ਮਨਪ੍ਰੀਤ ਸਿੰਘ ਖਾਲਸਾ):- ਵਿਸ਼ਵ ਮਲੇਰੀਆ ਦਿਵਸ ਹਰ ਸਾਲ 25 ਅਪ੍ਰੈਲ ਨੂੰ ਮਨਾਏ ਜਾਣ ਵਾਲਾ ਇੱਕ ਅੰਤਰਰਾਸ਼ਟਰੀ ਤਿਉਹਾਰ ਹੈ ਅਤੇ ਮਲੇਰੀਆ ਨੂੰ ਕੰਟਰੋਲ ਕਰਨ ਲਈ ਵਿਸ਼ਵਵਿਆਪੀ ਯਤਨਾਂ ਨੂੰ ਮਾਨਤਾ ਦਿੰਦਾ ਹੈ। ਵਿਸ਼ਵ ਪੱਧਰ 'ਤੇ, 106 ਦੇਸ਼ਾਂ ਵਿੱਚ 3.3 ਬਿਲੀਅਨ ਲੋਕ ਮਲੇਰੀਆ ਦੇ ਖ਼ਤਰੇ ਵਿੱਚ ਹਨ। ਵਿਸ਼ਵ ਮਲੇਰੀਆ ਦਿਵਸ ਦੇ ਮੌਕੇ 'ਤੇ, ਗੁਰੂ ਨਾਨਕ ਪਬਲਿਕ ਸਕੂਲ, ਰਾਜੌਰੀ ਗਾਰਡਨ, ਵੱਲੋਂ ਪ੍ਰੋਗਰਾਮਾਂ ਦੀ ਲੜੀ ਦਾ ਆਯੋਜਨ ਕੀਤਾ ਗਿਆ, ਜਿਸ ਦਾ ਉਦੇਸ਼ ਵਿਦਿਆਰਥੀਆਂ ਨੂੰ ਵੈਕਟਰ ਤੋਂ ਜਨਮੇ ਬਿਮਾਰੀਆਂ, ਖਾਸ ਕਰਕੇ ਮਲੇਰੀਆ ਦੀ ਰੋਕਥਾਮ ਅਤੇ ਨਿਯੰਤ੍ਰ ਕਰਣ ਲਈ ਜਾਗਰੂਕ ਕਰਨਾ ਸੀ। ਇਸ ਮੌਕੇ 12ਵੀਂ ਜਮਾਤ ਦੀ ਅਸ਼ਮੀਤ ਕੌਰ, ਹਰਸਿਮਰਨ ਕੌਰ ਅਤੇ ਨਿਮਰ ਕੌਰ ਦੇ ਨਾਲ 10ਵੀਂ ਜਮਾਤ ਦੀ ਕਵਨਪ੍ਰੀਤ ਕੌਰ ਦੁਆਰਾ ਰਚਨਾਤਮਕ ਕਵਿਤਾ ਦੁਆਰਾ ਸਕੂਲ ਅਸੈਂਬਲੀ ਵਿੱਚ ਮਲੇਰੀਆ ਅਤੇ ਹੋਰ ਵੈਕਟਰ ਤੋਂ ਪੈਦਾ ਹੋਏ ਬਿਮਾਰੀਆਂ ਨਾਲ ਨਜਿੱਠਣ ਦੇ ਉਪਾਅ ਬਾਰੇ ਸਾਰਿਆਂ ਨੂੰ ਦਸਿਆ ਗਿਆ। ਦਿਨ ਦੀ ਇੱਕ ਹੋਰ ਝਲਕ "ਪੋਸਟਰ ਅਤੇ ਨਾਹਰਾ ਲਿਖਣਾ ਮੁਕਾਬਲਾ" ਸੀ, ਵਿਦਿਆਰਥੀਆਂ ਨੇ ਆਪਣੇ ਹੁਨਰ ਨੂੰ ਪ੍ਰਦਰਸ਼ਿਤ ਕਰਦਿਆਂ ਮਲੇਰੀਆ ਦੀ ਰੋਕਥਾਮ ਅਤੇ ਨਿਯੰਤ੍ਰਣ ਦੇ ਵੱਖ-ਵੱਖ ਪਹਿਲੂਆਂ ਨੂੰ ਦਰਸਾਉਣ ਵਾਲੇ ਵੱਖ ਵੱਖ ਪਹਿਲੂਆ ਨੂੰ ਦਰਸਾਂਦੇ ਪੋਸਟਰ ਤਿਆਰ ਕੀਤੇ, ਜਿਸ ਵਿੱਚ ਮੱਛਰਦਾਨੀਆਂ ਦੀ ਮਹੱਤਤਾ, ਮਲੇਰੀਆ ਨਾਲ ਨਜਿੱਠਣ ਵਿੱਚ ਸ਼ੁਰੂਆਤੀ ਜਾਂਚ ਅਤੇ ਇਲਾਜ ਦੀ ਮਹੱਤਤਾ ਬਾਰੇ ਮੁੱਖ ਸੰਦੇਸ਼ ਦੇਣ ਲਈ ਆਕਰਸ਼ਕ ਨਾਅਰੇ ਲਿਖੇ ਹੋਏ ਸਨ। ਵਿਦਿਆਰਥੀਆਂ ਦੁਆਰਾ ਬਣਾਈ ਗਈ ਕਲਾਕ੍ਰਿਤਿਆਂ ਨੂੰ ਸਕੂਲ ਦੇ ਵਿਹੜੇ ਵਿੱਚ ਮੁੱਖ ਤੌਰ 'ਤੇ ਪ੍ਰਦਰਸ਼ਿਤ ਕੀਤਾ ਗਿਆ, ਜੋ ਵਿਦਿਆਰਥੀਆਂ, ਅਧਿਆਪਕਾਂ ਅਤੇ ਸੈਲਾਨੀਆਂ ਵਿੱਚ ਜਾਗਰੂਕਤਾ ਵਧਾਉਣ ਲਈ ਸ਼ਕਤੀਸ਼ਾਲੀ ਵਿਜ਼ੂਅਲ ਏਡਜ਼ ਵਜੋਂ ਕੰਮ ਕਰ ਰਹੀਆਂ ਸਨ।






# ਲੰਡਨ ਸਥਿਤ ਭਾਰਤੀ ਹਾਈ ਕਮਿਸ਼ਨ ’ਦੇ ਬਾਹਰ ਹੋਏ ਮੁਜਾਹਿਰੇ ਕਰਕੇ ਯੂਕੇ ਦੇ ਇੰਦਰਪਾਲ ਸਿੰਘ ਗਾਬਾ ਹੋਏ ਗ੍ਰਿਫਤਾਰ

ਨਵੀਂ ਦਿੱਲੀ 26 ਅਪ੍ਰੈਲ (ਮਨਪ੍ਰੀਤ ਸਿੰਘ ਖਾਲਸਾ):- ਐਨਆਈਏ ਨੇ ਬੀਤੇ ਸਾਲ 22 ਮਾਰਚ ਨੂੰ ਭਾਈ ਅੰਮ੍ਰਿਤਪਾਲ ਸਿੰਘ ਦੀ ਗਿਰਫਤਾਰੀ ਦੇ ਵਿਰੋਧ ਵਿਚ ਲੰਡਨ ਸਥਿਤ ਭਾਰਤੀ ਹਾਈ ਕਮਿਸ਼ਨ ’ਦੇ ਬਾਹਰ ਹੋਏ

ਆਵਾਜ਼ਿ ਕੌਮ AWAZE QAUM International Newspaper & WEB TV

ਮੁਜਾਹਿਰੇ ਕਰਕੇ ਯੂਕੇ ਦੇ ਹੰਸਲੋਅ ਰਹਿੰਦੇ ਇੰਦਰਪਾਲ ਸਿੰਘ ਗਾਬਾ ਨੂੰ ਦਿੱਲੀ ਤੋਂ ਗ੍ਰਿਫਤਾਰ ਕੀਤਾ ਹੈ।ਐਨਆਈਏ ਨੇ ਕਿਹਾ ਕਿ ਲੰਡਨ ਵਿੱਚ ਪਿਛਲੇ ਸਾਲ 19 ਮਾਰਚ ਅਤੇ 22 ਮਾਰਚ ਨੂੰ ਵਾਪਰੀਆਂ ਘਟਨਾਵਾਂ ਭਾਰਤੀ ਮਿਸ਼ਨਾਂ ਅਤੇ ਇਸ ਦੇ ਅਧਿਕਾਰੀਆਂ ਉੱਤੇ ਹਮਲੇ ਦੀ ਇੱਕ ਵੱਡੀ ਸਾਜ਼ਿਸ਼ ਦਾ ਹਿੱਸਾ ਸਨ। ਸਿੱਖ ਫੈਡਰੇਸ਼ਨ (ਯੂ.ਕੇ.) ਦੇ ਪ੍ਰਮੁੱਖ ਸਲਾਹਕਾਰ ਦਬਿੰਦਰਜੀਤ ਸਿੰਘ ਨੇ ਪਿਛਲੇ ਸਾਲ ਮਾਰਚ ਵਿੱਚ ਲੰਡਨ ਵਿੱਚ ਇੱਕ ਵਿਰੋਧ ਪ੍ਰਦਰਸ਼ਨ ਵਿੱਚ ਹਿੱਸਾ ਲੈਣ ਲਈ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ (ਐਨਆਈਏ) ਦੁਆਰਾ ਹਾਉਂਸਲੋ ਵਿੱਚ ਰਹਿਣ ਵਾਲੇ ਇੱਕ ਸਿੱਖ ਵਿਅਕਤੀ ਨੂੰ ਭਾਰਤ ਵਿੱਚ ਗ੍ਰਿਫਤਾਰ ਕੀਤੇ ਜਾਣ ਦੀ ਖ਼ਬਰ ਦਾ ਜਵਾਬ ਦਿੰਦੇ ਹੋਏ ਕਿਹਾ ਕਿ ਪਿਛਲੇ ਜੂਨ ਵਿੱਚ ਸਾਨੂੰ ਬ੍ਰਿਟਿਸ਼ ਅੱਤਵਾਦ ਵਿਰੋਧੀ ਪੁਲਿਸ ਦੁਆਰਾ ਦੱਸਿਆ ਗਿਆ ਸੀ ਕਿ ਭਾਰਤ ਦੀ ਰਾਸ਼ਟਰੀ ਜਾਂਚ ਏਜੰਸੀ (ਐਨਆਈਏ) ਨੇ 19 ਮਾਰਚ ਨੂੰ ਲੰਡਨ ਵਿੱਚ ਭਾਰਤੀ ਹਾਈ ਕਮਿਸ਼ਨ ਦੇ ਬਾਹਰ ਇੱਕ ਛੋਟੇ ਜਿਹੇ ਪ੍ਰਦਰਸ਼ਨ ਵਿੱਚ 45 ਸਿੱਖ ਪ੍ਰਦਰਸ਼ਨਕਾਰੀਆਂ ਦੀਆਂ ਤਸਵੀਰਾਂ ਪ੍ਰਕਾਸ਼ਤ ਕਰਕੇ ਉਹਨਾਂ ਦੇ ਨਿੱਜੀ ਵੇਰਵੇ ਮੰਗੇ ਸਨ, ਜੋ ਰਾਜ ਦੇ ਜਬਰ ਦੇ ਬਰਾਬਰ ਸੀ। ਪਤਾ ਲਗਿਆ ਹੈ ਕਿ ਹਾਉਂਸਲੋ



ਤੋਂ ਇੱਕ ਸਿੱਖ ਵਿਅਕਤੀ ਜੋ ਸ਼ਾਇਦ 19 ਮਾਰਚ ਦੇ ਵਿਰੋਧ ਪ੍ਰਦਰਸ਼ਨ ਵਿੱਚ ਹਾਜ਼ਰ ਨਹੀਂ ਸੀ, ਪਰ ਲੰਡਨ ਵਿੱਚ ਇੱਕ ਬਹੁਤ ਵੱਡੇ ਸ਼ਾਂਤਮਈ ਪ੍ਰਦਰਸ਼ਨ ਵਿੱਚ ਮੌਜੂਦ ਹੋ ਸਕਦਾ ਹੈ ਜਿੱਥੇ 22 ਮਾਰਚ ਨੂੰ ਹਜ਼ਾਰਾਂ ਸਿੱਖਾਂ ਨੇ ਹਿੱਸਾ ਲਿਆ ਸੀ, ਨੂੰ ਗ੍ਰਿਫਤਾਰ ਕੀਤਾ ਜਾਣਾ ਡੂੰਘੀ ਚਿੰਤਾ ਵਾਲੀ ਹੈ ਅਤੇ ਯੂਕੇ ਸਰਕਾਰ ਵੱਲੋਂ ਇਸ ਮਾਮਲੇ ਵਿਚ ਸਖ਼ਤ ਪ੍ਰਤੀਕਿਰਿਆ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਭਾਰਤੀ ਅਧਿਕਾਰੀਆਂ ਨੂੰ ਬਿਨਾਂ ਕਿਸੇ ਅਨਿਸ਼ਚਿਤ ਸ਼ਬਦਾਂ ਵਿਚ ਇਹ ਦੱਸਣ ਦੀ ਜ਼ਰੂਰਤ ਹੈ ਕਿ ਬ੍ਰਿਟੇਨ ਵਿਚ ਹਰ ਕਿਸੇ ਨੂੰ ਸ਼ਾਂਤੀਪੂਰਵਕ ਪ੍ਰਦਰਸ਼ਨ ਕਰਨ ਦਾ ਅਧਿਕਾਰ ਹੈ ਅਤੇ ਪ੍ਰਦਰਸ਼ਨਕਾਰੀਆਂ ਨੂੰ ਭਾਰਤੀ ਹਾਈ ਕਮਿਸ਼ਨ ਵਿਚ ਮੌਜੂਦ ਲੋਕਾਂ ਦੁਆਰਾ ਸੂਚਿਤ ਨਹੀਂ ਕੀਤਾ ਜਾਣਾ ਚਾਹੀਦਾ ਅਤੇ ਉਨ੍ਹਾਂ ’ਤੇ ਹਮਲਾ ਨਹੀਂ ਕੀਤਾ ਜਾਣਾ ਚਾਹੀਦਾ ਜਿਵੇਂ ਕਿ 22 ਮਾਰਚ ਨੂੰ ਕੀਤਾ ਗਿਆ ਸੀ । ਬ੍ਰਿਟਿਸ਼ ਪੁਲਿਸ ਅਤੇ ਕਰਾਊਨ ਪ੍ਰੌਸੀਕਿਊਸ਼ਨ ਸਰਵਿਸ ਕਾਨੂੰਨ ਅਤੇ ਵਿਵਸਥਾ ਲਈ ਜ਼ਿੰਮੇਵਾਰ ਹਨ ਅਤੇ ਕਾਨੂੰਨ ਦੀ ਉਲੰਘਣਾ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਗ੍ਰਿਫਤਾਰ ਕਰਨ, ਚਾਰਜ ਕਰਨ ਅਤੇ ਮੁਕੱਦਮਾ ਚਲਾਉਣ ਦੇ ਯੋਗ ਹਨ। ਹਾਲਾਂਕਿ, ਪਿਛਲੇ 12 ਮਹੀਨਿਆਂ ਵਿੱਚ ਬ੍ਰਿਟਿਸ਼ ਪੁਲਿਸ ਅਤੇ ਫਾਈਵ ਆਈਜ਼ ਦੇਸ਼ਾਂ ਦੀਆਂ ਖੁਫੀਆ ਸੇਵਾਵਾਂ ਲਈ ਇਹ ਸਪੱਸ਼ਟ ਹੋ ਗਿਆ ਹੈ ਕਿ ਭਾਰਤ ਸਿੱਖ ਕਾਰਕੁਨਾਂ ਨੂੰ ਨਿਸ਼ਾਨਾ ਬਣਾ ਕੇ ਅੰਤਰ-ਰਾਸ਼ਟਰੀ ਦਮਨ ਵਿੱਚ ਰੁੱਝਿਆ ਹੋਇਆ ਹੈ। ਇਸ ਦੀ ਪੁਸ਼ਟੀ ਹਾਲ ਹੀ ਵਿੱਚ ਭਾਰਤੀ ਖੁਫੀਆ ਸੂਤਰਾਂ ਨੇ ਕੀਤੀ ਹੈ ਅਤੇ ਭਾਰਤੀ ਮੰਤਰੀ ਚੋਣ ਉਦੇਸ਼ਾਂ ਲਈ ਕੁਝ ਹੱਦ ਤੱਕ ਵਿਦੇਸ਼ੀ ਧਰਤੀ ’ਤੇ ਹੱਤਿਆਵਾਂ ਕਰਨ ਦੀ ਸ਼ੇਖੀ ਮਾਰ ਰਹੇ ਹਨ।ਪਿਛਲੇ ਸਾਲ ਮਈ ਅਤੇ ਜੂਨ ਦੇ ਛੇ ਹ਼ਫਤਿਆਂ ਵਿੱਚ ਵੱਖ-ਵੱਖ ਦੇਸ਼ਾਂ ਵਿੱਚ ਤਿੰਨ ਹਾਈ ਪ੍ਰੋਫਾਈਲ ਸਿੱਖ ਕਾਰਕੁਨਾਂ ਦੇ ਕਤਲ ਹੋਏ ਸਨ। ਇਸ ਦੇ ਨਾਲ ਹੀ ਅਮਰੀਕਾ ਨੇ ਦਿੱਲੀ ਤੋਂ ਹਰ ਮਹੀਨੇ ਦੋ ਜਾਂ ਤਿੰਨ ਸਿੱਖ ਕਾਰਕੁਨਾਂ ਨੂੰ ਮਾਰਨ ਦੀ ਸਾਜ਼ਿਸ਼ ਨੂੰ ਨਾਕਾਮ ਕਰ ਦਿੱਤਾ। ਉਨ੍ਹਾਂ ਕਿਹਾ ਕਿ ਇਸ ਗ੍ਰਿਫਤਾਰੀ ਦੇ ਬਰਤਾਨੀਆ ਵਿੱਚ ਕਾਨੂੰਨ ਦੇ ਸ਼ਾਸਨ ਲਈ ਗੰਭੀਰ ਪ੍ਰਭਾਵ ਹਨ ਅਤੇ ਅਸੀਂ ਦੇਖਾਂਗੇ ਕਿ ਯੂਕੇ ਸਰਕਾਰ ਇਸ ਖਬਰ ’ਤੇ ਕਿਵੇਂ ਪ੍ਰਤੀਕਿਰਿਆ ਕਰਦੀ ਹੈ ਅਤੇ ਹਾਉਂਸਲੋ ਤੋਂ ਨਿਰਦੋਸ਼ ਸਿੱਖ ਵਿਅਕਤੀ ਦੀ ਕਿਸ ਤਰ੍ਹਾਂ ਰੱਖਿਆ ਕਰਦੀ ਹੈ।

## ਇੱਕ ਨਜ਼ਰ



# ਫਤਿਹਗੜ੍ਹ ਚੂੜੀਆਂ ਰੋਡ ਵਿਖੇ ਲੰਗਰ ਲਗਾਏ ਗਏ

ਚੌਂਕ ਮਹਿਤ, 26 ਅਪ੍ਰੈਲ (ਬਾਬਾ ਸੁਖਵੰਤ ਸਿੰਘ ਚੰਨਣਕੇ) – ਸਥਾਨਕ ਫਤਿਹਗੜ੍ਹ ਚੂੜੀਆਂ ਰੋਡ ਵਿਖੇ ਉਘੇ ਸਮਾਜ ਸੇਵਕ ਮਨਜਿੰਦਰ ਸਿੰਘ ਗਿੰਦੀ ਅਤੇ ਦਵਿੰਦਰ ਸਿੰਘ ਮੇਹਤਾ ਦੀ ਦੇਖ-ਰੇਖ ਸਰਬੱਤ ਦੇ ਭਲੇ, ਭਾਰਤ ਵਿੱਚ ਅਮਨ-ਸ਼ਾਂਤੀ ਅਤੇ ਆਪਸੀ ਭਾਈਚਾਰੇ ਵਿੱਚ ਪਿਆਰ ਲਈ ਇਕ ਧਾਰਮਿਕ ਸਮਾਗਮ ਕਰਵਾਇਆ ਗਿਆ।ਇਸ ਮੌਕੇ ਵਿਸ਼ਾਲ ਭੰਡਾਰੇ ਦਾ ਵੀ ਆਯੋਜਨ ਕੀਤਾ ਗਿਆ ਜਿਸ ਵਿੱਚ ਕੜੀ ਚਾਵਲ ਦਾ ਲੰਗਰ ਲਗਾਇਆ ਗਿਆ।ਇਸ ਮੌਕੇ ਸਮਾਜ ਸੇਵਕ ਮਨਜਿੰਦਰ ਸਿੰਘ ਗਿੰਦੀ ਵੱਲੋਂ ਆਈਆਂ ਪ੍ਰਮੁੱਖ ਸਖਸ਼ੀਅਤਾਂ ਨੂੰ ਗੁਰੂ ਮਹਾਰਾਜ ਜੀ ਦੀ ਬਖਸ਼ਿਸ਼ ਸਿਰੋਪਾਉ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਗਿੰਦੀ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਅਪਣੀ ਨੇਕ ਕਮਾਈ ਵਿੱਚੋਂ ਗੁਰੂ ਮਹਾਰਾਜ ਅਤੇ ਲੋੜਵੰਦਾਂ ਦੀ ਸਹਾਇਤਾ ਲਈ ਦਸਵੰਧ ਜ਼ਰੂਰ ਕੱਢਣਾ ਚਾਹੀਦਾ ਹੈ ਅਤੇ ਉਸਨੂੰ ਹੋਰ ਨੇਕ ਕੰਮਾਂ ਵਿੱਚ ਲਗਾਉਣ ਚਾਹੀਦਾ ਹੈ।ਇਸ ਮੌਕੇ ਮੁਕੇਸ਼ ਠਾਕੁਰ ਸਮਾਜ ਸੇਵਕ, ਦਲੇਰ ਮਹਾਜਨ,ਪ੍ਰਿੰਸ, ਮਨੀ,ਗਰੀਸ਼ ਖੰਨਾ,ਅਜਿੰਦਰਪਾਲ ਸਿੰਘ ਮੱਕੜ,ਸੁਸ਼ੀਲ ਹਾਂਡਾ, ਐਸ ਮਲਹੋਤਰਾ,ਗੁਰਿੰਦਰਪਾਲ ਸਿੰਘ ਵਾਰਿਸ, ਵਨਿਤ ਮੇਹਰਾ,ਰਜਿੰਦਰ ਸਿੰਘ ਕਾਲੀ ਆਦਿ ਤੋਂ ਇਲਾਵਾ ਹੋਰ ਪ੍ਰਮੁੱਖ ਸਖਸ਼ੀਅਤਾਂ ਹਾਜ਼ਰ ਸਨ।

# ਦਲ ਬਦਲੂਆਂ ਤੇ ਮਾਇਆਧਾਰੀ ਸਿਆਸਤ ਨੇ ਮੇਹਨਤੀ ਤੇ ਗਰੀਬ ਵਰਕਰਾਂ ਦਾ ਸਿਆਸੀ ਮਨੋਬਲ ਡੇਗਿਆ: ਭਾਈ ਵਿਰਸਾ ਸਿੰਘ ਖਾਲਸਾ



ਸ੍ਰੀ ਅਨੰਦਪੁਰ ਸਾਹਿਬ, 25 ਅਪ੍ਰੈਲ (ਆਵਾਜ਼ਿ ਕੌਮ ਬਿਊਰੋ) ਕੌਮੀ ਪਾਰਟੀ ਚੋਣਾਂ ਨੂੰ ਮੁੱਖ ਰੱਖਦਿਆਂ ਜਿੱਤ ਦੀ ਉਮੀਦ ਨੂੰ ਲੈ ਕੇ ਪਾਰਟੀ ਲਈ ਮਿਹਨਤ ਲਗਨ ਨਾਲ ਕੰਮ ਕਰਨ ਵਾਲਿਆਂ ਦੀ ਕੋਈ ਵੁੱਕਤ ਨਹੀਂ ਰੱਖਦੀ ,ਅਗਰ ਉਹਨਾਂ ਕੋਲ ਪੈਸਾ ਨਹੀਂ ਹੈ ? ਇਸੇ ਹੀ ਕਰਕੇ ਪੰਜਾਬ ਦੀ ਸਿਆਸਤ ਵਿੱਚ ਦਲਬਦਲੂਆਂ ਤੇ ਮਾਇਆਧਾਰੀਆਂ ਦੀ ਸਿਆਸਤ ਨੇ ਲੋਕਾਂ ਅਤੇ ਪਾਰਟੀ ਲਈ ਮਿਹਨਤ ਨਾਲ ਦਰੀਆਂ ਵਿਛਾਉਣ, ਝਾੜੂ ਮਾਰਨ ਤੇ ਹੋਰ ਪਾਰਟੀ ਮੁਦਿਆਂ ਤੇ ਡਾਂਗਾਂ ਸੋਟੇ ਅਤੇ ਜੇਲ੍ਹਾਂ ਕੱਟਣ ਵਾਲੇ ਸਾਫ਼ ਸੁਥਰੇ ਮਿਹਨਤੀ ਅਤੇ ਲਗਨ ਨਾਲ ਕੰਮ ਕਰਕੇ ਦੇਸ਼ ਦੀ ਸਿਆਸਤ ਨੂੰ ਬਦਲਣ ਦੇ ਚਾਹਵਾਨ ਗਰੀਬ ਨੌਜਵਾਨਾਂ ਦੇ ਸਿਆਸੀ ਮਨੋਬਲ ਨੂੰ ਡੇਗਣ'ਚ ਕੋਈ ਕਸਰ ਬਾਕੀ ਨਹੀਂ ਛੱਡੀ ,ਪਰ ਅੱਜ ਪੁਰਾਣਾ ਜਮਾਨਾਂ ਬਦਲ ਚੁੱਕਾ ਹੈ ਅਤੇ ਹੁਣ ਲੋਕ ਅਜਿਹੇ ਦਲ ਬਦਲੂਆਂ ਤੇ ਮਾਇਆਧਾਰੀ ਲੋਕਾਂ ਨੂੰ ਸਬਕ. ਸਿਖਾਉਣ ਲਈ ਵੋਟਾਂ ਵਾਲੇ ਦਿਨ ਦਾ ਇਨਜਾਰ ਕਰ ਰਹੇ ਹਨ ਤਾਂ ਕਿ ਇਸ ਸਿਆਸਤ ਨੂੰ ਬਦਲਿਆਂ ਜਾ ਸਕੇ,ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਪੰਜਾਬ'ਚ ਦਲਬਦਲੂਆਂ ਅਤੇ ਮਾਇਆਧਾਰੀਆਂ ਦੀ ਸਿਖਰਾਂ ਤੇ ਪੁੱਜੀ ਸਿਆਸਤ ਨੂੰ ਮੁੱਖ ਰੱਖਦਿਆਂ ਇੱਕ ਲਿਖਤੀ ਪ੍ਰੈਸ ਬਿਆਨ ਰਾਹੀਂ ਕੀਤਾ, ਉਹਨਾਂ ਭਾਈ ਖਾਲਸਾ ਨੇ ਦੱਸਿਆ ਬਠਿੰਡਾ ਸੰਗਰੂਰ, ਜਲੰਧਰ ਖਡੂਰ ਸਾਹਿਬ ਹੁਸ਼ਿਆਰਪੁਰ ਸਮੇਤ ਕਈ ਲੋਕ ਸਭਾ ਹਲਕਿਆਂ ਵਿੱਚ ਹਰ ਕੌਮੀ ਪਾਰਟੀ ਵੱਲੋਂ ਆਪਣੇ ਗਰੀਬ ਮਿਹਨਤ ਤੇ ਲਗਨ ਨਾਲ ਕੰਮ ਕਰਕੇ ਸਿਆਸਤ ਨੂੰ ਬਦਲਣ ਦੇ ਚਾਹਵਾਨ ਵਰਕਰਾਂ ਨੂੰ ਨਜ਼ਰ ਅੰਦਾਜ਼ ਕਰਕੇ ਦਲਬਦਲੂਆਂ ਨੂੰ ਹੀ ਟਿਕਟਾਂ ਦਿੱਤੀਆਂ ਗਈਆਂ ਤੇ ਉਨ੍ਹਾਂ ਨਾਲ ਬੇਇਨਸਾਫ਼ੀ ਤੇ ਧੱਕੇਸ਼ਾਹੀ ਕੀਤੀ ਗਈ,ਭਾਈ ਖਾਲਸਾ ਨੇ ਦੱਸਿਆ ਇਸ ਮਾੜੀ ਸਿਆਸਤ ਦਾ ਰੁਝਾਨ ਦੇਸ਼ ਅਤੇ ਆਮ ਜਨਤਾ ਵਿਰੋਧੀ ਹੈ ਅਤੇ ਉਹ ਇਸ ਦਾ ਵੱਡਾ ਵਿਰੋਧ ਵੀ ਕਰ ਰਹੇ ਹਨ,ਉਥੇ ਦਲ ਬਦਲੂਆਂ ਕਾਰਨ ਬੇਇਨਸਾਫ਼ੀ ਦਾ ਸ਼ਿਕਾਰ ਹੋਏ ਮਿਹਨਤੀ ਵਰਕਰਾਂ ਵਿੱਚ ਵੀ ਚੋਣਾਂ ਵਿੱਚ ਦਲਬਦਲੂਆਂ ਅਤੇ ਮਾਇਆਧਾਰੀਆਂ ਨਾਲ ਤੁਰਨ ਤੋਂ ਕੰਨੀ ਕਤਰਾਈ ਜਾ ਰਹੀ ਹੈ, ਇਸ ਤੋਂ ਸਾਫ ਜ਼ਾਹਰ ਹੈ ਕਿ ਮਿਹਨਤ ਲਗਨ ਨਾਲ ਪਾਰਟੀ ਲਈ ਕੰਮ ਕਰਨ ਵਾਲੇ ਵਰਕਰਾਂ ਵੱਲੋਂ ਪਾਰਟੀਆਂ ਦੀਆਂ ਇਨ੍ਹਾਂ ਨੀਤੀਆਂ ਦਾ ਭਾਰੀ ਰੋਸ ਕੀਤਾ ਜਾ ਰਿਹਾ ਹੈ' ਪਰ ਉਹ ਚੁੱਪ ਹਨ, ਭਾਈ ਖਾਲਸਾ ਨੇ ਕਿਹਾ ਬਠਿੰਡਾ ਹਲਕਾ ਤੋਂ ਸ੍ਰ ਬਲਕੌਰ ਸਿੰਘ ਵੱਲੋਂ ਅਜਾਦ ਉਮੀਦਵਾਰ ਵਜੋਂ ਚੋਣ ਮੈਦਾਨ ਵਿੱਚ ਆਉਣ ਅਤੇ ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਡਿਬਰੂਗੜ੍ਹ ਜੇਲ੍ਹ'ਚ ਬੰਦ ਅੰਮ੍ਰਿਤਪਾਲ ਸਿੰਘ ਵੱਲੋਂ ਚੋਣ ਮੈਦਾਨ ਵਿੱਚ ਉਤਰਨ ਦੇ ਐਲਾਨ ਨੇ ਪੰਜਾਬ ਦੀ ਸਿਆਸਤ ਵਿੱਚ ਵਡਕੰਬ ਮਚਾ ਦਿੱਤਾ ਹੈ ਭਾਵੇਂ ਕਿ ਇਸ ਸਬੰਧੀ ਭਾਈ ਅੰਮ੍ਰਿਤਪਾਲ ਸਿੰਘ ਦਾ ਪ੍ਰਵਾਰ ਅਜੇ ਚੁੱਪ ਹੈ ਤੇ ਉਸ ਦੇ ਵਕੀਲ ਨੇ ਹੀ ਐਲਾਨ ਕੀਤਾ ਹੈ ਇੱਧਰ ਬਠਿੰਡਾ ਤੋਂ ਸ੍ਰ ਬਲਕੌਰ ਸਿੰਘ ਜਿਸ ਨੇ ਕਾਂਗਰਸ ਟਿਕਟ ਤੋਂ ਇੰਨਕਾਰ ਕਰਕੇ ਹੁਣ ਅਜ਼ਾਦ ਉਮੀਦਵਾਰ ਬਣਨ ਲਈ ਇਕ ਵਿਸ਼ਾਲ ਇਕੱਠ 27 ਨੂੰ ਮੂਸੇ ਵਾਲੀ ਹਵੇਲੀ ਵਿਖੇ ਸੱਦਿਆ ਹੈ ,ਭਾਈ ਖਾਲਸਾ ਨੇ ਸਪਸ਼ਟ ਕੀਤਾ ਸਾਡੀ ਜਥੇਬੰਦੀ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਖਾਲਸਾ ਦਲਬਦਲੂਆਂ ਤੇ ਮਾਇਆਧਾਰੀਆਂ ਦੀ ਗਰੀਬ ਮਿਹਨਤ ਤੇ ਲਗਨ ਨਾਲ ਕੰਮ ਕਰਨ ਵਾਲੇ ਵਰਕਰਾਂ ਤੇ ਹੈਵੀ ਹੋਈ ਪੰਜਾਬ ਦੀ ਸਿਆਸਤ ਦੀ ਜ਼ੋਰਦਾਰ ਸ਼ਬਦਾਂ'ਚ ਨਿੰਦਾ ਕਰਦੀ ਹੋਈ ਕੌਮੀ ਪਾਰਟੀਆਂ ਤੋਂ ਮੰਗ ਕਰਦੀ ਹੈ ਕਿ ਪਾਰਟੀ ਲਈ ਕੰਮ ਕਰਨ ਵਾਲੇ ਗਰੀਬ ਮਿਹਨਤੀ ਵਰਕਰਾਂ ਨੂੰ ਟਿਕਟਾਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ, ਜੋਂ ਦੇਸ਼ ਦੀ ਅਜਿਹੀ ਸਿਆਸਤ ਬਦਲਣ ਦੇ ਚਾਹਵਾਨ ਹਨ ਉਨ੍ਹਾਂ ਨੂੰ ਮੌਕਾ ਦਿੱਤਾ ਜਾਵੇ।। ਇਸ ਵਕਤ ਭਾਈ ਵਿਰਸਾ ਸਿੰਘ ਖਾਲਸਾ ਪ੍ਰਧਾਨ ਏ ਆਈ ਐਸ ਐਸ ਐਫ ਨਾਲ ਸੀਨੀਅਰ ਆਗੂ ਭਾਈ ਜੋਗਿੰਦਰ ਸਿੰਘ ਅਤੇ ਭਾਈ ਜਗਤਾਰ ਸਿੰਘ ਫਿਰੋਜ਼ਪੁਰ ਭਾਈ ਲਖਵਿੰਦਰ ਸਿੰਘ ਰਾਜਿਸਥਾਨ ਭਾਈ ਸਿੰਦਾ ਸਿੰਘ ਨਿਹੰਗ ਅਤੇ ਪਿਰਥੀ ਸਿੰਘ ਧਾਲੀਵਾਲ ਧਰਮਕੋਟ ਭਾਈ ਮਨਜਿੰਦਰ ਸਿੰਘ ਅਤੇ ਭਾਈ ਰਛਪਾਲ ਸਿੰਘ ਕਮਾਲਕੇ ਭਾਈ ਗੁਰਜਸਪਰੀਤ ਸਿੰਘ ਮਜੀਠਾ ਭਾਈ ਸੁਖਦੇਵ ਸਿੰਘ ਫੌਜੀ ਜਗਰਾਵਾਂ ਭਾਈ ਬਲਵਿੰਦਰ ਸਿੰਘ ਖਡੂਰ ਸਾਹਿਬ ਆਦਿ ਆਗੂ ਹਾਜਰ ਸਨ ।

### ਲੁਧਿਆਣਾ ਵਿਖੇ ਹੋਣ ਵਾਲੀ ਮੀਟਿੰਗ ਵਿੱਚ ਹਰ ਖੱਤਰੀ ਸ਼ਿਰਕਤ ਕਰਨ ਨੂੰ ਕਾਹਲਾ

# ਖੱਤਰੀ ਮਹਾਂ ਸਭਾ ਪੰਜਾਬ ਦੀ ਮੀਟਿੰਗ ਵਿਚ ਅਹਿਮ ਮੁੱਦਿਆਂ ਤੇ ਹੋਵੇਗੀ ਚਰਚਾ: ਭੰਡਾਰੀ

**■ ਸਮੇਂ ਦੀ ਮੰਗ ਪੰਜਾਬ ਦਾ 34 ਲੱਖ ਖੱਤਰੀ ਹੋਵੇ ਇਕ ਪਲੇਟ ਫਾਰਮ ਤੇ ਇਕੱਠਾ: ਪਵਨ ਭੰਡਾਰੀ • ਕਿਹਾ ਕਿ ਲੁਧਿਆਣਾ ਦੇ ਕਲੱਬ ਹਾਲ ਵਿਚ ਹੋਣ ਵਾਲੀ ਮੀਟਿੰਗ ਵਿਚ ਸਮੇਂ ਸਿਰ ਪਹੁੰਚਣਾ ਯਕੀਨੀ ਬਣਾਇਆ ਜਾਵੇ ਤਾਂ ਜ਼ੋ...**



ਫ਼ਿਰੋਜ਼ਪੁਰ, 26 ਅਪ੍ਰੈਲ (ਮਨੋਹਰ ਲਾਲ):— ਆਉਣ ਵਾਲੀਆਂ ਪੀੜ੍ਹੀਆਂ ਨੂੰ ਆਪਣੇ ਭਾਈਚਾਰੇ ਤੋਂ ਜਾਗਰੂਕ ਕਰਨ ਅਤੇ ਖੱਤਰੀ ਭਾਈਚਾਰੇ ਨੂੰ ਦਰਪੇਸ਼ ਆ ਰਹੀਆਂ ਸਮੱਸਿਆਵਾਂ ਦੇ ਸਮਾਧਾਨ ਲਈ ਖੱਤਰੀ ਮਹਾਂ ਸਭਾ ਪੰਜਾਬ ਵੱਲੋਂ ਲੁਧਿਆਣਾ ਵਿਖੇ ਸਟੇਟ ਪੱਧਰੀ ਮੀਟਿੰਗ ਕੀਤੀ ਜਾ ਰਹੀ ਹੈ, ਜਿਸ ਵਿਚ ਵੱਡੀ ਤਦਾਦ ਖੱਤਰ ਮਹਾਂ ਸਭਾ ਪੰਜਾਬ ਦੇ ਅਹੁਦੇਦਾਰ ਅਤੇ ਮੈਂਬਰ ਸ਼ਮੂਲੀਅਤ ਕਰਕੇ ਸਮਾਜ ਦੀ ਭਲਾਈ ਲਈ ਆਰੰਭੇ ਜਾਣ ਵਾਲੇ ਯਤਨਾਂ ਦੀ ਸਮੀਖਿਆ ਕਰਨਗੇ। ਇਹ ਵਿਚਾਰ ਸਾਂਝੇ ਕਰਦਿਆਂ ਖੱਤਰੀ ਮਹਾਂ ਸਭਾ ਪੰਜਾਬ ਦੇ ਜਨਰਲ ਸਕੱਤਰ ਸ੍ਰੀ ਪਵਨ ਭੰਡਾਰੀ ਨੇ ਕਿਹਾ ਕਿ ਲੁਧਿਆਣਾ ਵਿਖੇ 28 ਅਪ੍ਰੈਲ ਨੂੰ ਹੋਣ ਵਾਲੀ ਮੀਟਿੰਗ ਵਿਚ ਪੰਜਾਬ ਭਰ ਤੋਂ ਵੱਡੀ ਤਦਾਦ ਖੱਤਰੀ ਸ਼ਿਰਕਤ ਕਰ ਰਹੇ ਹਨ ਅਤੇ ਇਸ ਮੀਟਿੰਗ ਵਿਚ ਪੰਜਾਬ ਦੇ 34 ਲੱਖ ਖੱਤਰੀਆਂ ਨੂੰ ਇਕੋ ਪਲੇਟਫਾਰਮ ਤੇ ਇਕੱਠੇ ਕਰਨ ਦੀਆਂ ਵਿਉਂਤਾਂ ਬਣਾਈਆਂ ਜਾਣਗੀਆਂ ਤਾਂ ਜ਼ੋ ਲੰਬੇ ਅਰਸੇ ਤੋਂ ਅਣਗੌਲੇ ਖੱਤਰੀ ਭਾਈਚਾਰੇ ਦੀ ਵੱਖਰੀ ਪਹਿਚਾਣ ਸਥਾਪਿਤ ਕੀਤੀ ਜਾ ਸਕੇ। ਸ੍ਰੀ ਭੰਡਾਰੀ ਨੇ ਕਿਹਾ ਕਿ ਬੇਸ਼ੱਕ ਖੱਤਰੀ ਮੁੱਢ ਤੋਂ ਹੀ ਵੱਖਰੀ ਪਹਿਚਾਣ ਦੇ ਧਾਰਨੀ ਰਹੇ ਹਨ ਅਤੇ ਹਮੇਸ਼ਾ ਖੱਤਰੀਆਂ ਨੇ ਆਪਣੇ ਮੋਢਿਆਂ ਪਰ ਹੀ ਰਾਜ ਕੀਤੀ ਹੈ, ਪਰ ਹੁਣ ਸਮੇਂ ਦੀ ਮੰਗ ਹੈ ਕਿ ਸਾਰੇ ਖੱਤਰੀ ਇਕੋ ਝੰਡੇ ਖੱਤਰੀ ਮਹਾਂ ਸਭਾ ਦੇ ਝੰਡੇ ਹੇਠ ਇਕੱਠ ਹੋ ਕੇ ਆਪਣੀਆਂ ਅਤੇ ਆਉਣ ਵਾਲੀਆਂ ਪੀੜ੍ਹੀਆਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਵਿਚਾਰਾਂ ਕਰਨਗੇ। ਖੱਤਰੀ ਮਹਾਂ ਸਭਾ ਪੰਜਾਬ ਦੇ ਜਨਰਲ ਸਕੱਤਰ ਅਤੇ ਫ਼ਿਰੋਜ਼ਪੁਰ ਖੱਤਰੀ ਵੈਲਫੇਅਰ ਸਭਾ ਫ਼ਿਰੋਜ਼ਪੁਰ ਦੇ ਪ੍ਰਧਾਨ ਸ੍ਰੀ ਪਵਨ ਭੰਡਾਰੀ ਨੇ ਸਪੱਸ਼ਟ ਕੀਤਾ ਕਿ ਲੁਧਿਆਣਾ ਵਿਖੇ ਹੋਣ ਵਾਲੀ 28 ਅਪ੍ਰੈਲ ਦੀ ਮਹਾਂ ਮੀਟਿੰਗ ਵਿਚ ਫ਼ਿਰੋਜ਼ਪੁਰ ਤੋਂ ਵੱਡੀ ਗਿਣਤੀ ਖੱਤਰੀ ਸ਼ਿਰਕਤ ਕਰਨ ਜਾ ਰਹੇ ਹਨ ਅਤੇ ਉਨ੍ਹਾਂ ਹੋਰਨਾਂ ਜ਼ਿਲ੍ਹਿਆਂ ਵਿਚ ਬੈਠੇ ਖੱਤਰੀਆਂ ਨਾਲ ਵੀ ਇਸ ਮੁੱਦੇ ਤੇ ਵਿਚਾਰਾਂ ਕੀਤੀਆਂ ਹਨ, ਜਿਨ੍ਹਾਂ ਤੇ ਹਰੇਕ ਖੱਤਰੀ ਵਿਚ ਇਸ ਮੀਟਿੰਗ ਵਿਚ ਸ਼ਾਮਲ ਹੋਣ ਦੀ ਵੱਖਰੀ ਹੀ ਖੁਸ਼ੀ ਦਿਖਾਈ ਦੇ ਰਹੀ ਹੈ। ਉਨ੍ਹਾਂ ਕਿਹਾ ਕਿ ਖੱਤਰੀ ਮਹਾਂ ਸਭਾ ਪੰਜਾਬ ਦੇ ਪ੍ਰਧਾਨ ਐਡਵੋਕੇਟ ਵਿਜੈ ਧੀਰ ਵੱਲੋਂ ਇਸ ਮੀਟਿੰਗ ਦੀ ਅਗਵਾਈ ਕੀਤੀ ਜਾਵੇਗੀ, ਜਿਸ ਵਿਚ ਅਸ਼ੋਕ ਥਾਪਰ ਸਮੇਤ ਖੱਤਰੀ ਭਾਈਚਾਰੇ ਲਈ ਮੀਲ ਪੱਥਰ ਸਥਾਪਿਤ ਕਰਨ ਵਾਲੀਆਂ ਸਖਸ਼ੀਅਤਾਂ ਸ਼ਮੂਲੀਅਤ ਕਰਕੇ ਆਪਣੇ ਤਜ਼ੁਰਬੇ ਸਾਂਝੇ ਕਰਨਗੀਆਂ।ਹਰੇਕ ਖੱਤਰੀ ਨੂੰ ਇਸ ਮੀਟਿੰਗ ਵਿਚ ਸ਼ਾਮਲ ਹੋਣ ਦੀ ਗੁਹਾਰ ਲਗਾਉਂਦਿਆਂ ਸ੍ਰੀ ਭੰਡਾਰੀ ਨੇ ਕਿਹਾ ਕਿ ਇਸ ਮੀਟਿੰਗ ਵਿਚ ਖੱਤਰੀ ਭਾਈਚਾਰੇ ਦੀ ਬੇਹਤਰੀਨ ਦੇ ਨਾਲ—ਨਾਲ ਸਮਾਜ ਵਿਚਲੇ ਹਰ ਮੁੱਦੇ ਤੇ ਗੰਭੀਰਤਾ ਨਾਲ ਵਿਚਾਰਾਂ ਕੀਤੀਆਂ ਜਾਣਗੀਆਂ ਅਤੇ ਹਰ ਮੈਂਬਰ ਦੇ ਵਿਚਾਰ ਲੈ ਕੇ ਮੁੱਦੇ ਦੇ ਹੱਲ ਲਈ ਅਗਲੀ ਰਣਨੀਤੀ ਬਣਾਈ ਜਾਵੇਗੀ। ਉਨ੍ਹਾਂ ਕਿਹਾ ਕਿ ਲੁਧਿਆਣਾ ਦੇ ਕਲੱਬ ਹਾਲ ਵਿਚ ਹੋਣ ਵਾਲੀ ਮੀਟਿੰਗ ਵਿਚ ਸਮੇਂ ਸਿਰ ਪਹੁੰਚਣਾ ਯਕੀਨੀ ਬਣਾਇਆ ਜਾਵੇ ਤਾਂ ਜ਼ੋ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਦੇ ਉਜਵਲ ਭਵਿੱਖ ਲਈ ਕਾਰਜ ਆਰੰਭੇ ਜਾਣ।

# ਭਾਈ ਅੰਮ੍ਰਿਤਪਾਲ ਸਿੰਘ ਖਡੂਰ ਸਾਹਿਬ ਹਲਕੇ ਤੋਂ ਆਜ਼ਾਦ ਉਮੀਦਵਾਰ ਵਜੋਂ ਚੋਣ ਲੜਨਗੇ

**■ ਇਹ ਐਲਾਨ ਅੱਜ ਇੱਥੇ ਭਾਈ ਅੰਮ੍ਰਿਤਪਾਲ ਸਿੰਘ ਦੀ ਮਾਤਾ ਬੀਬੀ ਬਲਵਿੰਦਰ ਕੌਰ ਵੱਲੋਂ ਸਾਰਾਗੜ੍ਹੀ ਨੇੜੇ ਲੱਗੇ ਪੱਕਾ ਮੋਰਚੇ ਦੇ ਸਥਾਨ ਤੋਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਇਲਾਕੇ ਦੀਆਂ ਸੰਗਤਾਂ, ਪੰਚਾਇਤਾਂ ਅਤੇ ਪੰਜਾਬ ਦੇ ਵੱਖ-ਵੱਖ ਹਿੱਸਿਆਂ ਤੋਂ ਮਿਲੇ ਸੰਦੇਸ਼ਾਂ ਮੁਤਾਬਿਕ ਸਮਾਂ ਅਤੇ ਹਾਲਾਤ ਇਹ ਮੰਗ ਕਰਦੇ ਹਨ....**



ਅਮ੍ਰਿਤਸਰ 26 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)- ਸਰਕਾਰ ਵੱਲੋਂ ਨੌਜਵਾਨਾਂ ਉੱਤੇ ਵੱਡੀ ਪੱਧਰ ਤੇ ਕੀਤੇ ਜਾ ਰਹੇ ਜ਼ੁਲਮਾਂ ਨੂੰ ਠੱਲ੍ਹ ਪਾਉਣ ਲਈ, ਧਰਮ ਪ੍ਰਚਾਰ ਦੀ ਲਹਿਰ ਨੂੰ ਪ੍ਰਚੰਡ ਰੂਪ ਦੇਣ ਵਾਸਤੇ, ਐਨ.ਐੱਸ.ਏ. ਖਤਮ ਕਰਵਾਉਣ ਲਈ, ਬੰਦੀ ਸਿੰਘਾਂ ਦੀ ਰਿਹਾਈ ਲਈ ਅਤੇ ਪੰਜਾਬ ਦੇ ਦਰਦ ਨੂੰ ਅੰਤਰਰਾਸ਼ਟਰੀ ਪੱਧਰ ਤੇ ਲਿਜਾਣ ਲਈ ਭਾਈ ਅੰਮ੍ਰਿਤਪਾਲ ਸਿੰਘ ਖਡੂਰ ਸਾਹਿਬ ਹਲਕੇ ਤੋਂ ਆਜ਼ਾਦ ਉਮੀਦਵਾਰ ਵਜੋਂ ਚੋਣ ਲੜਨਗੇ। ਇਹ ਐਲਾਨ ਅੱਜ ਇੱਥੇ ਭਾਈ ਅੰਮ੍ਰਿਤਪਾਲ ਸਿੰਘ ਦੀ ਮਾਤਾ ਬੀਬੀ ਬਲਵਿੰਦਰ ਕੌਰ ਵੱਲੋਂ ਸਾਰਾਗੜ੍ਹੀ ਨੇੜੇ ਲੱਗੇ ਪੱਕਾ ਮੋਰਚੇ ਦੇ ਸਥਾਨ ਤੋਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਇਲਾਕੇ ਦੀਆਂ ਸੰਗਤਾਂ, ਪੰਚਾਇਤਾਂ ਅਤੇ ਪੰਜਾਬ ਦੇ ਵੱਖ-ਵੱਖ ਹਿੱਸਿਆਂ ਤੋਂ ਮਿਲੇ ਸੰਦੇਸ਼ਾਂ ਮੁਤਾਬਿਕ ਸਮਾਂ ਅਤੇ ਹਾਲਾਤ ਇਹ ਮੰਗ ਕਰਦੇ ਹਨ ਕਿ ਜਿਸ ਤਰ੍ਹਾਂ ਸਰਕਾਰ ਨੌਜਵਾਨਾਂ ਉੱਤੇ ਤਸ਼ੱਦਦ ਕਰ ਰਹੀ ਹੈ, ਜਿਵੇਂ ਉਨ੍ਹਾਂ ਨੂੰ ਦੂਰ ਦੁਰਾਡੇ ਪੰਜਾਬ ਤੋਂ ਹਜ਼ਾਰਾਂ ਮੀਲ ਦੂਰ ਡਿਬਰੂਗੜ੍ਹ ਜੇਲ੍ਹ ਵਿੱਚ ਸੁਟਿੱਆ ਗਿਆ ਹੈ, ਜਿੱਥੇ ਸਿਰਫ ਇੱਕ ਮੁਲਾਕਾਤ ਕਰਨ ਲਈ ਵੀ ਕਈ ਤਰ੍ਹਾਂ ਦੀਆਂ ਖੱਜਲਖੁਆਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿੱਥੇ ਧਾਰਮਿਕ ਚੇਤਨਾ ਮਾਰਚ ਕੱਢਣ ਦੀ ਇਜਾਜ਼ਤ ਨਹੀਂ ਅਤੇ ਜਿੱਥੇ ਸਰਕਾਰ ਨੇ ਸਾਰੀਆਂ ਸ਼ਰਮਾਂ ਨੂੰ ਲਾਹ ਕੇ ਬੀਬੀਆਂ ਨੂੰ ਵੀ ਜੇਲ੍ਹਾਂ ਵਿੱਚ ਸੁੱਟਣ ਤੋਂ ਗੁਰੇਜ਼ ਨਹੀਂ ਕੀਤਾ, ਜਿੱਥੇ ਪਤਿਤਪੁਣੇ ਅਤੇ ਨਸ਼ਿਆਂ ਦੀ ਲਹਿਰ ਜ਼ੋਰ ਫੜਦੀ ਜਾ ਰਹੀ ਹੈ, ਗਰੀਬ ਸਿੱਖਾਂ ਦੇ ਧਰਮ ਪਰਿਵਰਤਨ ਨੂੰ ਰੋਕਣ ਲਈ ਸੰਸਥਾਵਾਂ ਵੱਲੋਂ ਕੋਈ ਰੂਪ ਰੇਖਾ ਨਹੀਂ ਉਲੀਕੀ ਜਾ ਰਹੀ ਉੱਥੇ ਹੁਣ ਇਹ ਜ਼ਰੂਰੀ ਹੋ ਗਿਆ ਹੈ ਕਿ ਭਾਈ ਅੰਮ੍ਰਿਤਪਾਲ ਸਿੰਘ ਆਜ਼ਾਦ ਉਮੀਦਵਾਰ ਵਜੋਂ ਚੋਣ ਲੜਨ ਅਤੇ ਸਰਕਾਰ ਦੇ ਝੂਠਾਂ ਦਾ ਪਰਦਾ ਫਾਸ਼ ਕਰਨ ਲਈ ਅਤੇ ਨੌਜਵਾਨਾਂ ਉੱਤੇ ਕੀਤੇ ਜਾ ਰਹੇ ਜ਼ੁਲਮਾਂ ਨੂੰ ਅੰਤਰਰਾਸ਼ਟਰੀ ਪੱਧਰ ਤੇ ਲੈ ਕੇ ਜਾਣ ਅਤੇ ਸਰਕਾਰ ਨੂੰ ਬੰਦੀ ਸਿੰਘਾਂ ਦੀ ਰਿਹਾਈ ਅਤੇ ਐਨ.ਐੱਸ.ਏ. ਵਰਗੇ ਜ਼ਾਲਮ ਕਾਨੂੰਨਾਂ ਨੂੰ ਖਤਮ ਕਰਾਉਣ ਲਈ ਮਜਬੂਰ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਇਹ ਕਿੰਨੇ ਦੁੱਖ ਦੀ ਗੱਲ ਹੈ ਕਿ ਕੱਲ੍ਹ ਜਦੋਂ ਅੰਮ੍ਰਿਤਪਾਲ ਸਿੰਘ ਦੇ ਪਿਤਾ ਅਤੇ ਚਾਚਾ ਮੁਲਾਕਾਤ ਕਰਨ ਲਈ ਜੇਲ੍ਹ ਵਿੱਚ ਪਹੁੰਚੇ ਤਾਂ ਉਹ ਏਜੰਸੀਆਂ ਦੀ ਮੌਜੂਦਗੀ ਵਿੱਚ ਭਾਈ ਸਾਹਿਬ ਨਾਲ ਕੋਈ ਗੱਲ ਨਾ ਕਰ ਸਕੇ, ਕਿਉਂਕਿ ਏਜੰਸੀਆਂ ਨਹੀਂ ਚਾਹੁੰਦੀਆਂ ਕਿ ਭਾਈ ਅੰਮ੍ਰਿਤਪਾਲ ਸਿੰਘ ਚੋਣ ਲੜਨ ਕਿਉਂਕਿ ਉਨ੍ਹਾਂ ਨੂੰ ਡਰ ਹੈ ਕਿ ਸਰਕਾਰ ਦੇ ਜ਼ੁਲਮਾਂ ਅਤੇ ਅਨਿਆਂ ਦੀਆਂ ਕਹਾਣੀਆਂ ਦੂਜੇ ਮੁਲਕਾਂ ਵਿੱਚ ਵੀ ਪਹੁੰਚ ਜਾਣਗੀਆਂ। ਉਨ੍ਹਾਂ ਕਿਹਾ ਕਿ ਇਹ ਠੀਕ ਹੈ ਕਿ ਭਾਈ ਅੰਮ੍ਰਿਤਪਾਲ ਸਿੰਘ ਚੋਣ ਲੜਨ ਦੇ ਹੱਕ ਵਿੱਚ ਨਹੀਂ ਸੀ ਅਤੇ ਉਹ ਇਹ ਮਹਿਸੂਸ ਕਰਦੇ ਹਨ ਕਿ ਇਹ ਸਾਡੀ ਕੌਮ ਦਾ ਕੋਈ ਪੱਕਾ ਤੇ ਸਦੀਵੀ ਹੱਲ ਨਹੀਂ। ਪਰ ਹੁਣ ਹਾਲਾਤ ਇਹ ਮੰਗ ਕਰ ਰਹੇ ਹਨ ਕਿ ਫਿਲਹਾਲ ਸਾਨੂੰ ਆਪਣੀ ਰਣਨੀਤੀ ਵਿੱਚ ਤਬਦੀਲੀ ਕਰਨ ਦੀ ਲੋੜ ਹੈ ਅਤੇ ਇਸ ਰਸਤੇ ਨੂੰ ਹਾਲ ਦੀ ਘੜੀ ਜ਼ਰੂਰ ਅਪਨਾ ਲਿਆ ਜਾਵੇ। ਇਸ ਕਾਰਜ ਲਈ ਭਾਈ ਸਾਬ ਦੇ ਚੋਣ ਲੜਨ ਦੀ ਖ਼ਬਰ ਆਉਣ ਉਪਰੰਤ ਸੰਗਤਾਂ ਵਿੱਚ ਹੋਰ ਵੀ ਭਾਰੀ ਉਤਸ਼ਾਹ, ਜੋਸ਼ ਅਤੇ ਸਰਗਰਮ ਮੰਗ ਹੈ ਕਿ ਭਾਈ ਅੰਮ੍ਰਿਤਪਾਲ ਸਿੰਘ ਸ਼੍ਰੀ ਖਡੂਰ ਸਾਹਿਬ ਤੋਂ ਚੋਣ ਲੜਨ । ਇਸ ਉਦੇਸ਼ ਭਾਈ ਸਾਬ ਦੀ ਇਲੈਕਸ਼ਨ ਕੰਪੇਨ ਦਾ ਅਗਾਜ ਕਲਗੀਧਰ ਪਾਤਸ਼ਾਹ ਦੇ ਅਸ਼ੀਰਵਾਦ ਤੇ ਸੰਗਤਾਂ ਦੇ ਸਹਿਯੋਗ ਨਾਲ ਕਰਨ ਲਈ ਸੰਗਤਾਂ ਦਾ ਇਕਠ ਸੱਦ ਕੇ ਕੀਤਾ ਜਾਵੇਗਾ। ਮਾਤਾ ਜੀ ਨੇ ਕਿਹਾ ਕਿ ਅਸੀਂ ਜਿਸ ਥਾਂ ਤੇ ਖੜੇ ਹਾਂ, ਇਹ ਰਾਹ ਸ੍ਰੀ ਅਕਾਲ ਤਖਤ ਸਾਹਿਬ ਵੱਲ ਜਾਂਦਾ ਹੈ, ਜਿੱਥੇ ਛੇਵੇਂ ਪਾਤਸ਼ਾਹ ਨੇ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨ ਕੇ ਧਰਮ ਤੇ ਰਾਜਨੀਤੀ ਦਾ ਪਵਿੱਤਰ ਸੁਮੇਲ ਕੀਤਾ ਸੀ। ਉਨ੍ਹਾਂ ਕਿਹਾ ਕਿ ਭਾਈ ਅੰਮ੍ਰਿਤਪਾਲ ਸਿੰਘ ਤੇ ਸਾਥੀਆਂ ਦੀ ਰਿਹਾਈ ਨਾਲ ਖਾਲਸਾ ਵਹੀਰ ਵੱਲੋਂ ਸ਼ੁਰੂ ਕੀਤੀ ਗਈ ਧਰਮ ਪ੍ਰਚਾਰ ਲਹਿਰ ਨੂੰ ਇੱਕ ਵੱਡੀ ਤਾਕਤ ਤੇ ਬਲ ਮਿਲੇਗਾ, ਕਿਉਂਕਿ ਭਾਈ ਸਾਹਿਬ ਖੁਦ ਇਹ ਮਹਿਸੂਸ ਕਰਦੇ ਹਨ ਕਿ ਅੰਮ੍ਰਿਤ ਛੱਕਣ ਦੀ ਲਹਿਰ ਸਿੱਖਾਂ ਨੂੰ ਆਪਣੇ ਕੌਮੀ ਨਿਸ਼ਾਨੇ ਪ੍ਰਤੀ ਜਾਗਰੂਕ ਕਰਦੀ ਹੈ। ਸੋ ਇਸ ਤਰਾਂ ਭਵਿੱਖ ਵਿੱਚ ਮੌਜੂਦਾ ਸਮੇਂ ਦੌਰਾਨ ਭਾਈ ਸਾਬ੍ਹ ਦੀ ਖਾਲਸਾ ਵਹੀਰ ਧਰਮ ਤੇ ਰਾਜਨੀਤੀ ਦਾ ਸੁਮੇਲ ਸੰਗਤਾਂ ਨੂੰ ਦਿਸੇਗਾ ।

# ਮੁੱਖ ਸਕੱਤਰ ਵੱਲੋਂ ਖੰਨਾ ਅਨਾਜ ਮੰਡੀ ਦਾ ਦੌਰਾ, ਖਰੀਦ ਪ੍ਰਬੰਧਾਂ ਦਾ ਲਿਆ ਜਾਇਜ਼ਾ

ਖੰਨਾ, 26 ਅਪ੍ਰੈਲ (ਆਵਾਜ਼ਿ ਕੌਮ ਬਿਓਰੋ)-ਪੰਜਾਬ ਦੇ ਮੁੱਖ ਸਕੱਤਰ ਸ੍ਰੀ ਅਨੁਰਾਗ ਵਰਮਾ ਨੇ ਅੱਜ ਖੰਨਾ ਅਨਾਜ ਮੰਡੀ ਦਾ ਦੌਰਾ ਕਰਕੇ ਕਣਕ ਦੀ ਚੱਲ ਰਹੀ ਖਰੀਦ ਪ੍ਰਕਿਰਿਆ ਦਾ ਜਾਇਜ਼ਾ ਲਿਆ।ਉਨ੍ਹਾਂ ਸਮੂਹ ਖਰੀਦ ਏਜੰਸੀਆਂ ਨੂੰ ਹਦਾਇਤ ਕੀਤੀ ਕਿ ਮੰਡੀਆਂ ਵਿੱਚ ਕਿਸਾਨਾਂ ਨੂੰ ਕਿਸੇ ਵੀ ਮੁਸ਼ਕਿਲ ਦਾ ਸਾਹਮਣਾ ਨਾ ਕਰਨਾ ਪਵੇ। ਸ੍ਰੀ ਵਰਮਾ ਨੇ ਅੱਗੇ ਦੱਸਿਆ ਕਿ ਮੌਜੂਦਾ ਸੀਜ਼ਨ ਦੌਰਾਨ ਸੂਬੇ ਦੀਆਂ ਮੰਡੀਆਂ ਵਿੱਚ 132 ਲੱਖ ਮੀਟ੍ਰਿਕ ਟਨ ਕਣਕ ਦੀ ਆਮਦ ਹੋਣ ਦੀ ਸੰਭਾਵਨਾ ਹੈ। ਇਸ ਵਿੱਚੋਂ ਕੱਲ੍ਹ ਸ਼ਾਮ ਤੱਕ ਮੰਡੀਆਂ ਵਿੱਚ 66.8 ਲੱਖ ਮੀਟ੍ਰਿਕ ਟਨ ਕਣਕ ਦੀ ਆਮਦ ਹੋ ਚੁੱਕੀ ਹੈ, ਭਾਵ ਮੰਡੀਆਂ ਵਿੱਚ ਸੰਭਾਵਿਤ ਆਮਦ ਨਾਲੋਂ ਅੱਧੀ ਫ਼ਸਲ ਦੀ ਆਮਦ ਹੋ ਚੁੱਕੀ ਹੈ। ਇਸ ਵਿੱਚੋਂ 91 ਫੀਸਦ ਭਾਵ 60.9 ਲੱਖ ਮੀਟ੍ਰਿਕ ਟਨ ਪਹਿਲਾਂ ਹੀ ਖਰੀਦੀ ਜਾ ਚੁੱਕੀ ਹੈ। ਸ੍ਰੀ ਵਰਮਾ ਨੇ ਕਿਹਾ ਕਿ ਮੰਡੀ ਵਿੱਚ ਕਣਕ ਦੀ ਆਮਦ ਦੇ 24 ਘੰਟਿਆਂ ਦੇ ਅੰਦਰ-ਅੰਦਰ ਫਸਲ ਦੀ ਸਾਫ-ਸਫਾਈ, ਖਰੀਦ ਅਤੇ ਤੋਲਾਈ ਕੀਤੀ ਜਾ ਰਹੀ ਹੈ। ਇਸ ਉਪਰੰਤ ਕਿਸਾਨ ਮੰਡੀ ਵਿੱਚੋਂ ਜਾ ਸਕਦੇ ਹਨ। ਖਰੀਦ ਦੇ 48 ਘੰਟਿਆਂ ਦੇ ਅੰਦਰ ਕਿਸਾਨਾਂ ਦੇ ਖਾਤਿਆਂ ਵਿੱਚ ਘੱਟੋ-ਘੱਟ ਸਮਰਥਨ ਮੁੱਲ ਤਹਿਤ ਭੁਗਤਾਨ ਕੀਤਾ ਜਾ ਰਿਹਾ ਹੈ। ਸ੍ਰੀ ਵਰਮਾ ਨੇ ਅੱਗੇ ਦੱਸਿਆ ਕਿ ਖਰੀਦ ਦੇ 48 ਘੰਟਿਆਂ ਦੇ ਅੰਦਰ-ਅੰਦਰ ਭੁਗਤਾਨ ਕਰਨ ਦੇ ਨਿਯਮਾਂ ਅਨੁਸਾਰ ਕਿਸਾਨਾਂ ਨੂੰ 7950 ਕਰੋੜ ਰੁਪਏ ਦੀ ਅਦਾਇਗੀ ਕੀਤੀ ਜਾਣੀ ਬਾਕੀ ਹੈ। ਇਸ ਦੇ ਉਲਟ ਕਿਸਾਨਾਂ ਨੂੰ 9170 ਕਰੋੜ ਰੁਪਏ ਦੀ ਅਦਾਇਗੀ ਪਹਿਲਾਂ ਹੀ ਕੀਤੀ ਜਾ ਚੁੱਕੀ ਹੈ। ਇਸ ਦਾ ਭਾਵ ਕਈ ਮਾਮਲਿਆਂ ਵਿੱਚ ਕਿਸਾਨਾਂ ਨੂੰ 48 ਘੰਟੇ ਤੋਂ ਪਹਿਲਾਂ ਹੀ ਅਦਾਇਗੀ ਕੀਤੀ ਗਈ ਹੈ। ਹੁਣ ਤੱਕ 4 ਲੱਖ ਤੋਂ ਵੱਧ ਕਿਸਾਨਾਂ ਨੂੰ ਅਦਾਇਗੀ ਕੀਤੀ ਜਾ ਚੁੱਕੀ ਹੈ। ਮੁੱਖ ਸਕੱਤਰ ਨੇ ਕਿਸਾਨਾਂ ਨਾਲ ਗੱਲਬਾਤ ਵੀ ਕੀਤੀ। ਪਿੰਡ ਭਮੱਦੀ ਦੇ ਕਿਸਾਨ ਸੁਖਦੀਪ ਸਿੰਘ ਪੁੱਤਰ ਸ੍ਰੀ ਹਰਪਾਲ ਸਿੰਘ ਨੇ ਦੱਸਿਆ ਕਿ ਉਹ ਸਵੇਰੇ 7 ਵਜੇ ਆਪਣੀ ਫ਼ਸਲ ਮੰਡੀ ਵਿੱਚ ਲੈ ਕੇ ਆਇਆ ਸੀ। ਅੱਜ ਉਸ ਦੀ ਫਸਲ ਦੁਪਹਿਰ 12:30 ਵਜੇ ਖਰੀਦੀ ਜਾ ਚੁੱਕੀ ਹੈ। ਇਸੇ ਤਰ੍ਹਾਂ ਪਿੰਡ ਹੁਸੈਨਪੁਰ ਦੇ ਕਿਸਾਨ ਨਰਿੰਦਰ ਸਿੰਘ ਪੁੱਤਰ ਸ੍ਰੀ ਗੁਰਨਾਮ ਸਿੰਘ ਨੇ ਦੱਸਿਆ ਕਿ ਉਹ ਅੱਜ ਸਵੇਰੇ 7:30 ਵਜੇ ਆਪਣੀ ਫ਼ਸਲ ਮੰਡੀ ਵਿੱਚ ਲੈ ਕੇ ਆਇਆ ਸੀ। ਉਸ ਦੀ ਫਸਲ ਦੁਪਹਿਰ 12:40 ਵਜੇ ਖਰੀਦੀ ਗਈ ਸੀ। ਮੰਡੀ ਵਿੱਚ ਮੌਜੂਦ ਜ਼ਿਆਦਾਤਰ ਕਿਸਾਨ ਅੱਜ ਹੀ ਆਪਣੀ ਫ਼ਸਲ ਮੰਡੀ ਵਿੱਚ ਲੈ ਕੇ ਆਏ ਸਨ। ਸ੍ਰੀ ਵਰਮਾ ਨੇ ਅੱਗੇ ਦੱਸਿਆ ਕਿ ਵਾਢੀ ਵਿੱਚ ਦੇਰੀ ਹੋਣ ਕਾਰਨ ਮੰਡੀਆਂ ਵਿੱਚ ਕਣਕ ਦੀ ਆਮਦ ਸ਼ੁਰੂ ਵਿੱਚ ਮੱਠੀ ਸੀ ਅਤੇ ਅਚਾਨਕ ਆਮਦ ਤੇਜ਼ ਹੋ ਗਈ ਪਰ ਸੂਬਾ ਸਰਕਾਰ ਇਸ ਸਬੰਧੀ ਦਿਨ ਰਾਤ ਕੰਮ ਕਰ ਰਹੀ ਹੈ ਤਾਂ ਜੋ ਕਿਸਾਨਾਂ ਨੂੰ ਮੰਡੀਆਂ ਵਿੱਚ ਕਿਸੇ ਕਿਸਮ ਦੀ ਕੋਈ ਦਿੱਕਤ ਪੇਸ਼ ਨਾ ਆਵੇ। ਪਿਛਲੇ ਸਾਲ ਇੱਕ ਦਿਨ ਵਿੱਚ ਫਸਲ ਦੀ ਸਭ ਤੋਂ ਵੱਧ ਚੁੱਕਾਈ 4.8 ਲੱਖ ਮੀਟ੍ਰਿਕ ਟਨ ਸੀ।